# ਸਿੱਖ ਇਤਿਹਾਸ
# ਦੀਆਂ ਝਾਕੀਆਂ

ਪ੍ਰਿੰਸੀਪਲ ਤੇਜਾ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਸਿੱਖ ਇਤਿਹਾਸ ਦੀਆਂ ਝਾਕੀਆ

ਭਾਗ ਪਹਿਲਾ

BE SATGURU'S TRUE GURSIKH
BE TRUTHFUL, FAITHFUL
BE NON-VIOLENT, TOLERANT, MERCIFUL
BE VEGETARIAN - ORGANIC
BE PEACE-LOVER - PEACEFUL RESPECT WORLD PEACE
"CONGRATULATIONS"
ON BLISSFUL AUSPICIOUS PARKASH DIWAS
OF:-
H.H. SHRI SATGURU JAGJIT SINGH JEE
FROM:-
S. S. JEET
H.H. Shri Satguru Jagjit Singh Ji Library
36 Margery Park Road
Forest Gate, London E7 9JY

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਸਿੱਖ ਇਤਿਹਾਸ ਦੀਆਂ ਝਾਕੀਆਂ

ਭਾਗ ਪਹਿਲਾ

ਲੇਖਕ
ਪ੍ਰਿੰਸੀਪਲ ਤੇਜਾ ਸਿੰਘ
ਪ੍ਰੋ. ਦੀਵਾਨ ਚੰਦ ਸ਼ਰਮਾ

ਅਨੁਵਾਦਕ
ਡਾਕਟਰ ਬਲਜੀਤ ਤੁਲਸੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji eLibrary NamdhariElibrary@gmail.com

©
ਵਿਉਂਤ ਵਿਕਾਸ ਵਿਭਾਗ (ਪੰ)
ਪੰਜਾਬੀ ਯੂਨੀਵਰਸਿਟੀ, ਪਟਿਆਲਾ

*Sikh Itihas Dian Jhakian*, Part I (Punjabi), translation of *High Roads of Sikh History* (English) written by Principal Teja Singh and Prof. Dewan Chand Sharma

1974 : 2200
1982 : 2200
1988 : 2200
ਮੁੱਲ : 7.50

ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ ਫੂਲਕੀਆਂ ਪ੍ਰੈਸ, ਪਟਿਆਲਾ ਵਿਖੇ ਛਪੀ।

Sri Satguru Jagjit Singh Ji eLibrary NamdhariElibrary@gmail.com

# ਮੁੱਢਲੇ ਸ਼ਬਦ

(ਪਹਿਲਾ ਸੰਸਕਰਣ)

ਪੰਜਾਬੀ ਯੂਨੀਵਰਸਿਟੀ ਨੇ ਪੰਜਾਬੀ ਦੇ ਉੱਘੇ ਵਿਦਵਾਨਾਂ ਦੀਆਂ ਛਪੀਆਂ ਅਤੇ ਅਣਛਪੀਆਂ ਦੁਰਲਭ ਰਚਨਾਵਾਂ ਨੂੰ ਜਨਤਾ ਤਕ ਪਹੁੰਚਾਣ ਦਾ ਬੀੜਾ ਚੁੱਕਿਆ ਹੋਇਆ ਹੈ। ਇਸ ਸੰਬੰਧ ਵਿਚ ਯੂਨੀਵਰਸਿਟੀ ਵੱਲੋਂ ਹਰ ਕਿਸਮ ਦੇ ਉਪਰਾਲੇ ਕੀਤੇ ਗਏ ਹਨ। ਪੰਜਾਬੀ ਜਗਤ ਦੇ ਉੱਘੇ ਲਿਖਾਰੀ, ਜੋ ਅੱਜ ਸਾਡੇ ਵਿਚ ਨਹੀਂ ਹਨ, ਦੇ ਪਰਿਵਾਰਾਂ ਅਤੇ ਸਨੇਹੀਆਂ ਦਾ ਸਹਿਯੋਗ ਹਾਸਲ ਕਰਕੇ ਉਨ੍ਹਾਂ ਦੀਆਂ ਨਿੱਜੀ ਲਾਇਬਰੇਰੀਆਂ ਲਿਖਤ ਭੰਡਾਰ ਨੂੰ ਪੰਜਾਬੀ ਯੂਨੀਵਰਸਿਟੀ ਵਿਚ ਸੰਭਾਲ ਕੇ ਰਖਿਆ ਗਿਆ ਹੈ। ਇਸ ਲੜੀ ਵਿਚ ਪ੍ਰੋ. ਪੂਰਨ ਸਿੰਘ, ਭਾਈ ਵੀਰ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਲਾਲਾ ਧਨੀ ਰਾਮ ਚਾਤ੍ਰਿਕ, ਭਾਈ ਮੋਹਨ ਸਿੰਘ ਵੈਦ ਅਤੇ ਹਰਿੰਦਰ ਸਿੰਘ ਰੂਪ ਦੇ ਨਾਂ ਵਰਣਨ ਯੋਗ ਹਨ।

ਇਹ ਹੱਥਲੀ ਪੁਸਤਕਾ "ਸਿੱਖ ਇਤਿਹਾਸ ਦੀਆਂ ਝਾਕੀਆਂ" ਪ੍ਰਿੰਸੀਪਲ ਤੇਜਾ ਸਿੰਘ ਜੀ ਦੀ ਰਚਨਾ ਹੈ ਅਤੇ ਇਸ ਲੜੀ ਵਿਚ ਪ੍ਰਿੰਸੀਪਲ ਸਾਹਿਬ ਦੀਆਂ ਤਿੰਨ ਪੁਸਤਕਾਂ ਹਨ, ਜੋ ਕਿ ਛੋਟੀ ਉਮਰ ਦੇ ਬੱਚੇ ਬੱਚੀਆਂ ਵਿਚ ਧਾਰਮਿਕ ਜੀਵਨ ਅਤੇ ਨੈਤਿਕ ਪਰਪੱਕਤਾ ਨੂੰ ਉਜਾਗਰ ਕਰਨ ਵਾਸਤੇ ਲਿਖੀਆਂ ਗਈਆਂ ਹਨ। ਪਹਿਲੀ ਪੁਸਤਕਾ ਵਿਚ ਸਿੱਖ ਇਤਿਹਾਸ ਦੀਆਂ ਪੰਦਰ੍ਹਾਂ ਉੱਘੀਆਂ ਘਟਨਾਵਾਂ ਦਾ ਵਰਣਨ ਹੈ ਅਤੇ ਦੂਜੀ ਪੁਸਤਕਾ ਵਿਚ ਸਿੱਖ ਇਤਿਹਾਸ ਦੇ ਉੱਘੇ ਵਿਅਕਤੀਆਂ ਦੇ ਜੀਵਨ ਚਰਿੱਤਰ ਦਿੱਤੇ ਗਏ ਹਨ। ਤੀਸਰੀ ਪੁਸਤਕਾ ਵਿਚ ਸਿੱਖ ਕੌਮ ਦਾ ਸੰਖੇਪ ਇਤਿਹਾਸ ਹੈ।

ਪ੍ਰਿੰਸੀਪਲ ਤੇਜਾ ਸਿੰਘ ਜੀ ਦੀਆਂ ਇਸ ਲੜੀ ਦੀਆਂ ਪੁਸਤਕਾਂ ਦੀ ਸਭ ਤੋਂ ਵਧੀਆ ਗੱਲ ਇਹ ਹੈ ਕਿ ਇਤਿਹਾਸਕ ਕਹਾਣੀਆਂ ਬੜੀ ਹੀ ਸਰਲ ਅਤੇ ਮਿੱਠੀ ਸ਼ਬਦਾ-ਵਲੀ ਵਿਚ ਲਿਖੀਆਂ ਗਈਆਂ ਹਨ ਜੋ ਸਹਿਜੇ ਹੀ ਬਾਲ-ਜਗਤ ਨੂੰ ਟੁੰਬਣ ਦਾ ਜ਼ਰੀਆ ਹਨ। ਪੰਜਾਬੀ ਵਿਚ ਇਹੋ ਜਿਹੇ ਬਾਲ-ਸਾਹਿਤ, ਜੋ ਇਖ਼ਲਾਕੀ ਕਦਰਾਂ ਕੀਮਤਾਂ ਨੂੰ ਉਭਾਰੇ, ਦੀ ਬਹੁਤ ਹੀ ਘਾਟ ਹੈ। ਉਮੀਦ ਹੈ ਕਿ ਇਹ ਪੁਸਤਕ-ਮਾਲਾ ਦੀ ਲੜੀ ਇਸ ਘਾਟ ਨੂੰ ਪੂਰਾ ਕਰੇਗੀ।

**ਕਿਰਪਾਲ ਸਿੰਘ ਨਾਰੰਗ**

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਵਿਸ਼ੈ-ਸੂਚੀ


| | | |
|---|---|---|
| 1. | ਸੱਚਾ ਸੌਦਾ | 1 |
| 2. | ਗੁਰੂ ਨਾਨਕ ਦੇਵ ਜੀ ਅਤੇ ਬਾਬਰ | 4 |
| 3. | ਸ਼ੇਖ ਸੱਜਣ | 7 |
| 4. | ਗੁਰੂ ਨਾਨਕ ਦੇਵ ਜੀ ਹਰਦਵਾਰ ਵਿਚ | 10 |
| 5. | ਗੁਰੂ ਅੰਗਦ ਦੇਵ ਜੀ ਅਤੇ ਹੰਕਾਰੀ ਸਾਧੂ | 13 |
| 6. | ਗੁਰੂ ਹਰਿਗੋਬਿੰਦ ਜੀ ਗਵਾਲੀਅਰ ਦੇ ਕਿਲ੍ਹੇ ਵਿਚ | 17 |
| 7. | ਗੁਰੂ ਹਰਿ ਰਾਇ ਅਤੇ ਉਨ੍ਹਾਂ ਦੇ ਸਿੱਖ | 21 |
| 8. | ਗੁਰੂ ਤੇਗ਼ ਬਹਾਦਰ ਜੀ ਅਤੇ ਧੀਰ ਮੱਲ | 24 |
| 9. | ਭਾਈ ਕਨ੍ਹਈਆ ਜੀ | 28 |
| 10. | ਚਾਲੀ ਮੁਕਤੇ | 32 |
| 11. | ਪੰਜ ਪਿਆਰੇ | 36 |
| 12. | ਅੰਮ੍ਰਿਤਸਰ | 41 |
| 13. | ਸਿੱਖ ਸਿਪਾਹੀ | 45 |
| 14. | ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ | 48 |
| 15. | ਸਾਰਾ ਗੜ੍ਹੀ | 52 |


Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਸੱਚਾ ਸੌਦਾ

ਇਸ ਸੰਸਾਰ ਵਿਚ ਦੋ ਪ੍ਰਕਾਰ ਦੇ ਮਨੁੱਖ ਹੁੰਦੇ ਹਨ । ਇੱਕ ਉਹ ਜਿਹੜੇ ਧਨ ਕਮਾ ਕੇ ਆਰਾਮ ਦਾ ਜੀਵਨ ਬਤੀਤ ਕਰਨਾ ਚਾਹੁੰਦੇ ਹਨ । ਅਜਿਹੇ ਮਨੁੱਖ, ਕੇਵਲ ਇਸ ਸੰਸਾਰ ਤਕ ਹੀ ਸੋਚਦੇ ਹਨ । ਨਿਰੰਕਾਰ ਵੱਲ ਧਿਆਨ ਨਹੀਂ ਦਿੰਦੇ ਅਤੇ ਨਾ ਹੀ ਪਰਲੋਕ ਦੀ ਚਿੰਤਾ ਕਰਦੇ ਹਨ । ਦੂਸਰੇ ਉਹ ਹਨ ਜੋ ਇਸ ਸੰਸਾਰ ਤੋਂ ਉਪਰਾਮ ਰਹਿੰਦੇ ਹਨ । ਉਹ ਧਨ ਦੀ ਪ੍ਰਵਾਹ ਨਹੀਂ ਕਰਦੇ । ਉਨ੍ਹਾਂ ਦਾ ਮਨ ਕੇਵਲ ਵਾਹਿਗੁਰੂ ਦੀ ਯਾਦ ਵਿਚ ਰਹਿਣਾ ਚਾਹੁੰਦਾ ਹੈ । ਉਹ ਆਪਣੇ ਸਾਥੀਆਂ ਦਾ ਭਲਾ ਕਰਦੇ ਰਹਿੰਦੇ ਹਨ ।

ਸੰਸਾਰ ਵਿਚ ਮਾਇਆ ਧਾਰੀ ਜੀਵਾਂ ਦੀ ਸੰਖਿਆ ਅਧਿਕ ਹੈ । ਗੁਰੂ ਨਾਨਕ ਦੇਵ ਜੀ ਵਾਂਗੂ, ਜਿਹੜੇ ਜੀਵ ਵਾਹਿਗੁਰੂ ਨੂੰ ਪਿਆਰ ਕਰਦੇ ਹਨ; ਘਟ ਹੀ ਹਨ ।

ਗੁਰੂ ਨਾਨਕ ਸਾਹਿਬ ਵਾਹਿਗੁਰੂ ਦੀ ਉਸਤੱਤੀ ਕਰਨ ਵਿਚ, ਵਧੇਰੇ ਸਮਾਂ ਬਤੀਤ ਕਰਦੇ ਸਨ । ਉਨ੍ਹਾਂ ਦੀ ਅਜਿਹੀ ਰੁੱਚੀ ਬਚਪਨ ਤੋਂ ਹੀ ਹੋ ਗਈ ਸੀ । ਇਸ ਲਈ ਇਹ ਕਿਹਾ ਜਾ ਸਕਦਾ ਹੈ, ਜਿੰਨਾ ਮਹਾਨ ਉਨ੍ਹਾਂ ਦਾ ਬਚਪਨ ਸੀ ਉੱਨੇ ਹੀ ਮਹਾਨ ਉਹ ਮਨੁੱਖ ਬਣੇ ।

ਬਚਪਨ ਵਿਚ, ਗੁਰੂ ਨਾਨਕ ਦੇਵ ਜੀ ਉਹ ਕੰਮ ਨਹੀਂ ਸਨ ਕਰਦੇ ਜਿਹੜੇ ਸਧਾਰਣ ਮਨੁੱਖ ਕਰਿਆ ਕਰਦੇ ਹਨ । ਉਨ੍ਹਾਂ ਦੇ ਮਾਤਾ-ਪਿਤਾ ਸਦਾ ਹੀ ਉਨ੍ਹਾਂ ਨੂੰ ਅਜਿਹੇ ਕੰਮ ਕਰਨ ਲਈ ਕਹਿੰਦੇ ਸਨ, ਜਿਸ ਨਾਲ ਉਹ ਕੁਝ ਕਮਾਈ ਕਰ ਸਕਣ । ਪਰੰਤੂ ਪੈਸੇ ਕਮਾਉਣ ਲਈ ਸੋਚਣਾ, ਉਨ੍ਹਾਂ ਲਈ ਅਸੰਭਵ ਸੀ ।

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਨੂੰ ਮਾਲ-ਡੰਗਰ ਚਾਰਨ ਲਈ ਕਿਹਾ ਗਿਆ। ਪਰੰਤੂ ਉਨ੍ਹਾਂ ਦਾ ਮਨ ਕਿਸੇ ਹੋਰ ਪਾਸੇ ਜੁੜਿਆ ਹੋਇਆ ਸੀ ਅਤੇ ਪਸ਼ੂ ਆਪਣੇ ਆਪ ਚਰਦੇ ਰਹਿੰਦੇ ਸਨ। ਫਿਰ ਉਨ੍ਹਾਂ ਨੂੰ ਹਲ ਵਾਹੁਣ ਲਈ ਕਿਹਾ ਗਿਆ। ਉਨ੍ਹਾਂ ਨੇ ਦੁਕਾਨਦਾਰੀ ਅਤੇ ਘੋੜਿਆਂ ਦਾ ਵਪਾਰ ਕਰਨ ਦਾ ਵੀ ਯਤਨ ਕੀਤਾ, ਪਰੰਤੂ ਉਨ੍ਹਾਂ ਦਾ ਮਨ ਕਿਧਰੇ ਵੀ ਨਾ ਲੱਗ ਸਕਿਆ।

ਉਨ੍ਹਾਂ ਦੇ ਮਾਤਾ-ਪਿਤਾ ਨੂੰ ਉਨ੍ਹਾਂ ਦੀ ਬਹੁਤ ਚਿੰਤਾ ਹੋਈ। ਉਹ ਸੋਚਨ ਲੱਗੇ, "ਇਸ ਬੱਚੇ ਦਾ ਕੀ ਬਣੇਗਾ, ਜਿਹੜਾ ਐਨਾ ਬੇਪ੍ਰਵਾਹ ਅਤੇ ਸੁਸਤ ਹੈ।"

ਬਹੁਤ ਚਿਰ ਸੋਚ-ਵਿਚਾਰ ਕਰਨ ਮਗਰੋਂ, ਉਨ੍ਹਾਂ ਨੇ ਉਸ ਨੂੰ ਇਕ ਹੋਰ ਮੌਕਾ ਦੇਣ ਲਈ ਸੋਚਿਆ। ਮਾਤਾ-ਪਿਤਾ ਨੇ ਉਨ੍ਹਾਂ ਨੂੰ ਕੁਝ ਰਕਮ ਦਿੱਤੀ ਕਿ ਉਹ ਚੂਹੜਕਾਣੇ—ਜਿਹੜਾ ਪੱਛਮੀ ਪੰਜਾਬ ਦੇ ਜ਼ਿਲ੍ਹਾ ਸ਼ੇਖੂਪੁਰੇ ਵਿਚ ਹੈ—ਜਾਣ ਅਤੇ ਉਥੋਂ ਲੂਣ ਅਤੇ ਹਲਦੀ ਆਦਿ ਵਸਤਾਂ ਖ਼ਰੀਦ ਕੇ ਉਸ ਦਾ ਵਪਾਰ ਕਰਨ।

ਗੁਰੂ ਨਾਨਕ ਦੇਵ ਜੀ ਆਪਣੀਆਂ ਜੇਬਾਂ ਵਿਚ ਪੈਸੇ ਪਾ ਕੇ ਤੁਰ ਪਏ। ਥੋੜ੍ਹੀ ਦੂਰ ਹੀ ਗਏ ਸਨ ਕਿ ਉਨ੍ਹਾਂ ਨੂੰ ਕੁਝ ਸਾਧੂ ਮਿਲੇ ਜਿਨ੍ਹਾਂ ਦੇ ਤਨ ਉੱਤੇ ਕਪੜਾ ਨਹੀਂ ਸੀ। ਗੁਰੂ ਨਾਨਕ ਦੇਵ ਜੀ ਉਨ੍ਹਾਂ ਕੋਲ ਗਏ ਅਤੇ ਕਿਹਾ, "ਐ ਭਲੇ ਪੁਰਸ਼ੋ! ਕੀ ਗੱਲ ਹੈ ਕਿ ਤੁਸੀਂ ਆਪਣੇ ਤਨ ਉੱਤੇ ਕੋਈ ਕਪੜਾ ਨਹੀਂ ਪਾਉਂਦੇ ? ਕੀ ਤੁਸੀਂ ਇਤਨੇ ਨਿਰਧਨ ਹੋ ਕਿ ਖ਼ਰੀਦ ਨਹੀਂ ਸਕਦੇ ਜਾਂ ਆਪ ਨੂੰ ਇਨ੍ਹਾਂ ਦੀ ਲੋੜ ਹੀ ਨਹੀਂ ਹੈ।"

ਉਨ੍ਹਾਂ ਨੇ ਉੱਤਰ ਦਿੱਤਾ, "ਐ ਯੁਵਕ ! ਅਸੀਂ ਕਿਸੇ ਕੋਲੋਂ ਮੰਗ ਕੇ ਕਪੜਾ ਜਾਂ ਭੋਜਨ ਨਹੀਂ ਲੈਂਦੇ। ਜੇ ਸਾਨੂੰ ਕੋਈ ਕਪੜਾ ਜਾਂ ਭੋਜਨ ਨਾ ਮਿਲੇ ਤਾਂ ਅਸੀਂ ਉਸ ਤੋਂ ਬਿਨਾਂ ਸਾਰ ਲੈਂਦੇ ਹਾਂ।"

ਇਸ ਉੱਤਰ ਨਾਲ ਗੁਰੂ ਨਾਨਕ ਦੇਵ ਜੀ ਪ੍ਰਸੰਨ ਹੋਏ। ਉਨ੍ਹਾਂ ਨੂੰ ਆਪਣਾ ਕਾਰਜ ਭੁਲ ਗਿਆ ਤੇ ਉਹ ਉਨ੍ਹਾਂ ਦੇ ਕੋਲ ਹੀ ਬੈਠ ਗਏ। ਥੋੜ੍ਹੀ ਦੇਰ ਮਗਰੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਨ੍ਹਾਂ ਸਾਧੂਆਂ ਨੇ ਤਾਂ

Sri Satguru Jagjit Singh Ji eLibrary NamdhariElibrary@gmail.com

ਕਈ ਦਿਨਾਂ ਤੋਂ ਕੁਝ ਖਾਧਾ-ਪੀਤਾ ਨਹੀਂ ਸੀ। ਜਿਉਂ ਹੀ ਉਨ੍ਹਾਂ ਨੂੰ ਇਹ ਪਤਾ ਲੱਗਾ, ਉਹ ਦੌੜ ਕੇ ਨੇੜੇ ਤੋਂ ਨੇੜੇ ਦੇ ਪਿੰਡ ਵਿਚ ਗਏ ਅਤੇ ਸਾਰੀ ਰਕਮ ਦੀਆਂ ਖਾਣ ਪੀਣ ਦੀਆਂ ਚੀਜ਼ਾਂ ਖ਼ਰੀਦ ਲਿਆਏ। ਉਨ੍ਹਾਂ ਨੇ ਆਟਾ, ਘਿਉ ਅਤੇ ਹੋਰ ਚੀਜ਼ਾਂ ਲਿਆਂਦੀਆਂ ਅਤੇ ਉਨ੍ਹਾਂ ਨੂੰ ਰਜਵਾਂ ਲੰਗਰ ਛਕਾਇਆ। ਇਸ ਤਰ੍ਹਾਂ ਉਨ੍ਹਾਂ ਨੇ ਸਾਰੀ ਦੀ ਸਾਰੀ ਰਕਮ ਸਾਧੂਆਂ ਨੂੰ ਭੋਜਨ ਖੁਆਣ ਉੱਤੇ ਖ਼ਰਚ ਕਰ ਦਿੱਤੀ।

ਇੰਝ ਕਰਨ ਨਾਲ, ਕੀ ਆਪ ਸੋਚਦੇ ਹੋ ਕਿ ਉਨ੍ਹਾਂ ਨੂੰ ਦੁਖ ਹੋਇਆ ? ਨਹੀਂ, ਸਗੋਂ ਇਸ ਦੇ ਉਲਟ, ਉਨ੍ਹਾਂ ਨੂੰ ਅਤਿਅੰਤ ਪ੍ਰਸੰਨਤਾ ਹੋਈ, ਅਤੇ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਤੂੰ ਉਸ ਰਕਮ ਦਾ ਕੀ ਕੀਤਾ ਹੈ ਤਾਂ ਉਨ੍ਹਾਂ ਨੇ ਉੱਤਰ ਦਿੱਤਾ ਕਿ "ਮੈਂ ਭੁੱਖਿਆਂ ਨੂੰ ਖੁਆ-ਉਣ ਲਈ ਭੋਜਨ ਖ਼ਰੀਦਿਆ ਸੀ। ਮੇਰੇ ਵਿਚਾਰ ਵਿਚ ਇਹੋ ਸਭ ਤੋਂ ਚੰਗਾ 'ਸੱਚਾ ਸੌਦਾ' ਸੀ ਜਿਹੜਾ ਉਸ ਰਕਮ ਨਾਲ ਖ਼ਰੀਦਿਆ ਜਾ ਸਕਦਾ ਸੀ। ਇਹ ਵਪਾਰ, ਲੋਕ ਅਤੇ ਪਰਲੋਕ ਦੋਹਾਂ ਵਿਚ ਸਹਾਈ ਹੋਵੇਗਾ। ਇਹੀ ਸੱਚਮੁੱਚ ਇਕ ਸੱਚਾ ਸੌਦਾ ਹੈ।"

Sri Satguru Jagjit Singh Ji eLibrary NamdhariElibrary@gmail.com

# ਗੁਰੂ ਨਾਨਕ ਦੇਵ ਜੀ ਅਤੇ ਬਾਬਰ

ਗੁਰੂ ਨਾਨਕ ਦੇਵ ਜੀ, ਭਾਈ ਲਾਲੋ ਤਰਖਾਣ ਕੋਲ, ਜਿਹੜਾ ਕਿ ਸਾਧੂ ਸੁਭਾ ਦਾ ਸੀ, ਐਮਨਾਬਾਦ, ਜ਼ਿਲ੍ਹਾ ਗੁਜਰਾਂਵਾਲੇ ਵਿਚ ਠਹਿਰੇ ਹੋਏ ਸਨ। ਜਦੋਂ ਮਹਾਨ ਮੁਗਲ ਬਾਦਸ਼ਾਹ ਬਾਬਰ ਨੇ ਉਥੇ ਹਮਲਾ ਕੀਤਾ, ਤਾਂ ਨਤੀਜਾ ਇਹ ਹੋਇਆ ਕਿ ਐਮਨਾਬਾਦ ਅਤੇ ਨੇੜੇ ਤੇੜੇ ਦੇ ਪਿੰਡ ਤਬਾਹ ਕਰ ਦਿੱਤੇ ਗਏ। ਨਗਰ ਵਾਸੀ ਬੜੀ ਗਿਣਤੀ ਵਿਚ ਮਾਰੇ ਗਏ ਅਤੇ ਉਨ੍ਹਾਂ ਦੇ ਘਰ ਲੁੱਟੇ ਗਏ।

ਕਿੰਨੇ ਹੀ ਆਦਮੀ ਮਾਰੇ ਗਏ ਸਨ, ਪਰ ਫਿਰ ਵੀ ਕੁਝ ਕੁ ਬਚ ਕੇ ਨਿਕਲ ਗਏ। ਇਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦਾ ਸਾਥੀ ਭਾਈ ਮਰਦਾਨਾ ਵੀ ਸੀ। ਉਨ੍ਹਾਂ ਨੂੰ ਸ਼ਾਇਦ ਇਸ ਲਈ ਛੱਡ ਦਿੱਤਾ ਗਿਆ ਸੀ ਕਿ ਉਹ ਪਰਦੇਸੀ ਸਨ।

ਚਾਹੇ ਭਾਈ ਮਰਦਾਨਾ ਅਤੇ ਗੁਰੂ ਨਾਨਕ ਦੇਵ ਜੀ ਮੌਤ ਦੇ ਘਾਟ ਨਹੀਂ ਉਤਾਰੇ ਗਏ ਸਨ, ਪਰ ਉਨ੍ਹਾਂ ਨੂੰ ਸੁਤੰਤਰ ਨਹੀਂ ਰਹਿਣ ਦਿੱਤਾ ਗਿਆ ਸੀ। ਉਹ ਕੈਦੀ ਬਣਾ ਲਏ ਗਏ ਅਤੇ ਉਨ੍ਹਾਂ ਨੂੰ ਗ਼ੁਲਾਮਾਂ ਦੀ ਤਰ੍ਹਾਂ ਕੰਮ ਕਰਨ ਲਈ ਮਜਬੂਰ ਕੀਤਾ ਗਿਆ। ਗੁਰੂ ਜੀ ਨੂੰ ਸਿਰ ਉੱਤੇ ਪੰਡਾਂ ਢੋਣ ਲਈ ਦਿੱਤੀਆਂ ਗਈਆਂ ਸਨ ਅਤੇ ਮਰਦਾਨੇ ਨੂੰ ਘੋੜਿਆਂ ਦੀ ਦੇਖ-ਭਾਲ ਕਰਨ ਲਈ ਕਿਹਾ ਗਿਆ ਸੀ।

ਪਰ ਕੀ ਆਪ ਸੋਚਦੇ ਹੋ ਅਜਿਹੇ ਵੇਲੇ ਗੁਰੂ ਜੀ ਉਦਾਸ ਹੋਏ ? ਨਹੀਂ, ਉਹ ਰੱਬ ਦੀ ਰਜ਼ਾ ਵਿਚ ਰਾਜ਼ੀ ਸਨ। ਉਨ੍ਹਾਂ ਨੇ ਕੈਦਖ਼ਾਨੇ ਦੀਆਂ ਸੀਖਾਂ ਦੇ ਅੰਦਰ ਵੀ ਵਾਹਿਗੁਰੂ ਦੀ ਉਸਤੱਤੀ ਦੇ ਸ਼ਬਦ ਗਾਏ। ਇਹ ਆਖਿਆ ਜਾਂਦਾ ਹੈ ਕਿ ਜਿਸ ਵੇਲੇ ਉਹ ਸ਼ਬਦ ਗਾਇਨ ਕਰ ਰਹੇ

Sri Satguru Jagjit Singh Ji eLibrary NamdhariElibrary@gmail.com

ਸਨ, ਤਾਂ ਮਰਦਾਨਾ ਰਬਾਬ ਵਜਾ ਰਿਹਾ ਸੀ, ਉਸ ਵੇਲੇ, ਭਾਰ ਦੀ ਪੰਡ ਗੁਰੂ ਜੀ ਦੇ ਸਿਰ ਤੋਂ ਉੱਚੀ ਜਾਪ ਰਹੀ ਸੀ ਅਤੇ ਉਨ੍ਹਾਂ ਦੇ ਸਾਥ ਜੋ ਘੋੜੇ ਸਨ ਚੁਪ-ਚਾਪ ਖੜੇ ਸਨ ।

ਕੈਦਖ਼ਾਨੇ ਦਾ ਦਰੋਗ਼ਾ ਹੈਰਾਨ ਹੋ ਗਿਆ । ਉਸ ਨੇ ਬਾਬਰ ਨੂੰ ਖ਼ਬਰ ਦਿੱਤੀ । ਬਾਬਰ ਪਰੇਸ਼ਾਨ ਹੋਇਆ ਕਿ ਉਸ ਨੇ ਅਜਿਹੇ ਨਗਰ ਨੂੰ ਕਿਉਂ ਤਬਾਹ ਕੀਤਾ, ਜਿਸ ਵਿਚ ਗੁਰੂ ਨਾਨਕ ਵਰਗੇ ਮਹਾਂਪੁਰਖ ਵਸਦੇ ਸਨ । ਉਸ ਨੇ ਫ਼ੈਸਲਾ ਕੀਤਾ ਕਿ ਉਹ ਕੈਦਖ਼ਾਨੇ ਵਿਚ ਜਾਵੇਗਾ ਅਤੇ ਉਸ ਮਹਾਂਪੁਰਖ ਦੇ ਆਪ ਦੀਦਾਰ ਕਰੇਗਾ ।

ਜਦੋਂ ਬਾਬਰ ਕੈਦਖ਼ਾਨੇ ਵਿਚ ਆਇਆ ਤਾਂ ਉਸ ਨੇ ਵੇਖਿਆ ਕਿ ਔਰਤਾਂ ਚੱਕੀਆਂ ਉੱਤੇ ਦਾਣੇ ਪੀਹ ਰਹੀਆਂ ਸਨ ਅਤੇ ਉਹ ਬਹੁਤ ਦੁੱਖੀ ਦਿਸ ਰਹੀਆਂ ਸਨ । ਉਸ ਨੇ ਇਹ ਵੀ ਵੇਖਿਆ ਕਿ ਗੁਰੂ ਨਾਨਕ ਸਮਾਧੀ ਲਗਾਈ ਮਗਨ ਬੈਠੇ ਸਨ । ਕਈ ਇਹ ਵੀ ਆਖਦੇ ਹਨ ਕਿ ਉਨ੍ਹਾਂ ਦੀ ਚੱਕੀ ਆਪਣੇ ਆਪ ਚੱਲ ਰਹੀ ਸੀ ।

ਬਾਬਰ ਨੇ, ਗੁਰੂ ਜੀ ਨੂੰ ਸਮਾਧੀ ਤੋਂ ਜਗਾਉਣਾ ਚਾਹਿਆ, ਪਰ ਉਹ ਜਗਾ ਨਾ ਸਕਿਆ । ਗੁਰੂ ਨਾਨਕ ਜੀ ਦਾ ਕੋਮਲ ਹਿਰਦਾ, ਔਰਤਾਂ ਦਾ ਦੁੱਖ ਅਤੇ ਬੇਗੁਨਾਹਾਂ ਦੀ ਮੌਤ ਵੇਖ ਕੇ ਇਤਨਾ ਦ੍ਰਵ ਗਿਆ ਸੀ ਕਿ ਉਹ ਆਪਣੇ ਆਪ ਦੀ ਸੁੱਧ ਬੁੱਧ ਵਿਚ ਨਹੀਂ ਸਨ । ਅੰਤ ਜਦੋਂ ਉਨ੍ਹਾਂ ਦੀ ਅੱਖ ਖੁਲ੍ਹੀ ਤਾਂ ਉਨ੍ਹਾਂ ਨੇ ਇਕ ਸ਼ਬਦ ਉਚਾਰਿਆ ਜਿਸ ਵਿਚ ਉਨ੍ਹਾਂ ਨੇ ਕਿਹਾ, "ਹੇ ਕਰਤਾਰ ! ਆਪ ਸਦਾ ਹੀ ਸਾਰੇ ਜੀਵਾਂ ਉੱਤੇ ਮਿਹਰ-ਬਾਨ ਰਹੇ ਹੋ । ਆਪ ਨੇ ਇਨ੍ਹਾਂ ਜੀਵਾਂ ਨੂੰ ਮੌਤ ਦੇ ਮੂੰਹੋਂ ਅਤੇ ਦੁੱਖਾਂ ਤੋਂ ਬਚਾਇਆ ਹੈ, ਹੁਣ ਇਸ ਹਾਲਤ ਤੋਂ ਵੀ ਇਨ੍ਹਾਂ ਬਦ-ਨਸੀਬਾਂ ਨੂੰ ਬਚਾਓ ।"

ਅਜਿਹੇ ਸ਼ਬਦਾਂ ਨੇ ਬਾਦਸ਼ਾਹ ਦੇ ਹਿਰਦੇ ਨੂੰ ਵਿੰਨ੍ਹ ਦਿੱਤਾ, ਅਤੇ ਉਹ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਉੱਤੇ ਡਿੱਗ ਪਿਆ । ਉਸ ਨੇ ਗੁਰੂ ਜੀ ਨੂੰ ਸੁਗ਼ਾਤ ਵੀ ਦੇਣੀ ਚਾਹੀ, ਪਰ ਗੁਰੂ ਨਾਨਕ ਦੇਵ ਜੀ ਨੇ

Sri Satguru Jagjit Singh Ji eLibrary NamdhariElibrary@gmail.com

ਕੁਝ ਨਾ ਲਿਆ, ਸਗੋਂ ਸਾਰੇ ਬੰਦੀਆਂ ਨੂੰ ਸੁਤੰਤਰ ਕਰਨ ਲਈ ਕਿਹਾ।

ਬਾਦਸ਼ਾਹ ਨੇ ਅਜਿਹਾ ਹੀ ਕੀਤਾ ਅਤੇ ਸਾਰੇ ਬੰਦੀ ਖ਼ੁਸ਼ੀ ਖ਼ੁਸ਼ੀ ਘਰਾਂ ਨੂੰ ਚਲੇ ਗਏ। ਸਾਰਿਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਅਸੀਸਾਂ ਦਿੱਤੀਆਂ ਕਿਉਂਕਿ ਉਨ੍ਹਾਂ ਨੇ ਉਨ੍ਹਾਂ ਦੀ ਬੰਦ ਖ਼ਲਾਸ ਕਰਵਾਈ ਸੀ।

ਗੁਰੂ ਨਾਨਕ ਦੇਵ ਜੀ ਨੇ ਕੇਵਲ ਇੱਕ ਇਹੋ ਕੰਮ ਬਾਬਰ ਨੂੰ ਕਰਨ ਲਈ ਨਹੀਂ ਕਿਹਾ ਸੀ। ਬੰਦੀਆਂ ਵਿਚੋਂ ਅਜੇ ਹੋਰ ਵੀ ਕੈਦੀ ਸਨ, ਜਿਨ੍ਹਾਂ ਦੀ ਹਾਲਤ ਵੇਖ ਕੇ ਉਹ ਫਿਰ ਬੇਸੁੱਧ ਹੋ ਗਏ। ਜਦੋਂ ਹੋਸ਼ ਵਿਚ ਆਏ ਤਾਂ ਉਨ੍ਹਾਂ ਨੇ ਫਿਰ ਸ਼ਬਦ ਗਾਇਨ ਕੀਤਾ, ਜਿਸ ਨਾਲ ਬਾਬਰ ਦਾ ਹਿਰਦਾ ਤਰਸਮਈ ਹੋ ਗਿਆ। ਬਾਦਸ਼ਾਹ ਨੇ ਬੰਦੀਆਂ ਨੂੰ ਖ਼ਿਲਤਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਸੁਤੰਤਰ ਕਰ ਦਿੱਤਾ।

ਇਸ ਨਾਲ ਗੁਰੂ ਨਾਨਕ ਦੇਵ ਜੀ ਖ਼ੁਸ਼ ਹੋਏ। ਬਾਬਰ ਨੇ ਉਨ੍ਹਾਂ ਕੋਲੋਂ ਵਰ ਮੰਗਿਆ। ਗੁਰੂ ਜੀ ਨੇ ਕਿਹਾ, "ਜਿੰਨੀ ਦੇਰ ਤਕ, ਬਾਦਸ਼ਾਹ! ਆਪ ਨਿਆਂ ਕਰਦੇ ਰਹੋਗੇ, ਸੰਤਾਂ ਮਹਾਤਮਾ ਦੀ ਇੱਜ਼ਤ ਕਰਦੇ ਰਹੋਗੇ, ਸ਼ਰਾਬ ਨਹੀਂ ਪੀਓਗੇ, ਜੂਆ ਨਹੀਂ ਖੇਡੋਗੇ, ਹਾਰੇ ਹੋਏ ਲੋਕਾਂ ਉੱਤੇ ਦਯਾ ਕਰਦੇ ਰਹੋਗੇ ਅਤੇ ਖ਼ੁਦਾ ਨੂੰ ਯਾਦ ਕਰਦੇ ਰਹੋਗੇ; ਉਤਨੀ ਦੇਰ ਤੱਕ ਆਪ ਦਾ ਰਾਜ ਕਾਇਮ ਰਹੇਗਾ।"

ਇਹ ਬੜੇ ਉੱਤਮ ਸ਼ਬਦ ਸਨ, ਜਿਹੜੇ ਗੁਰੂ ਨਾਨਕ ਦੇਵ ਜੀ ਨੇ ਬਾਦਸ਼ਾਹ ਬਾਬਰ ਨੂੰ ਕਹੇ। ਕੀ ਆਪ ਇਹ ਨਹੀਂ ਸੋਚਦੇ ਕਿ ਇਹ ਸਾਡੇ ਵਾਸਤੇ ਵੀ ਉੱਨੇ ਹੀ ਉੱਤਮ ਹਨ, ਜਿੰਨੇ ਬਾਦਸ਼ਾਹ ਵਾਸਤੇ ਸਨ।

Sri Satguru Jagjit Singh Ji eLibrary NamdhariElibrary@gmail.com

# ਸ਼ੇਖ਼ ਸੱਜਣ

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਵਿਚ ਕਈ ਬਹੁਤ ਅਦਭੁਤ ਕੰਮ ਕੀਤੇ। ਇੱਕ ਬਹੁਤ ਔਖਾ ਕੰਮ ਜਿਹੜਾ ਉਨ੍ਹਾਂ ਨੇ ਕੀਤਾ, ਉਹ ਪਾਪੀਆਂ ਦਾ ਸੁਧਾਰ ਕਰਨਾ ਸੀ। ਉਨ੍ਹਾਂ ਨੂੰ ਚੰਗੇ ਕੰਮ ਕਰਨ ਵੱਲ ਲਾਇਆ। ਉਨ੍ਹਾਂ ਨੂੰ ਸੱਚਮੁਚ ਦੈਂਤਾਂ ਤੋਂ ਦੇਵਤੇ ਬਣਾਉਣੇ ਆਉਂਦੇ ਸਨ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਇੱਕ ਡਾਕੂ ਹੁੰਦਾ ਸੀ, ਜਿਸ ਦਾ ਨਾਂ ਸ਼ੇਖ਼ ਸੱਜਣ ਸੀ, ਪਰੰਤੂ ਉਸ ਦੀ ਸ਼ਕਲ ਡਾਕੂਆਂ ਵਰਗੀ ਨਹੀਂ ਸੀ। ਅਨਜਾਣੇ ਲੋਕਾਂ ਨੂੰ ਉਹ ਬਹੁਤ ਦਿਆਲੂ ਅਤੇ ਭਗਤ ਜਾਪਦਾ ਸੀ। ਉਹ ਮੁਸੱਲਾ ਵਿਛਾ ਕੇ, ਨਿਤ-ਨੇਮ ਨਾਲ, ਹਰ ਰੋਜ਼ ਸਵੇਰੇ ਸਵੇਰੇ ਨਮਾਜ਼ ਪੜ੍ਹਦਾ ਸੀ। ਉਹਦੇ ਹੱਥ ਵਿਚ ਹਰ ਵੇਲੇ ਮਾਲਾ ਫੜੀ ਹੋਈ ਹੁੰਦੀ ਸੀ, ਜਿਸ ਨਾਲ ਉਹ ਦਿਨ ਵਿਚ ਹਜ਼ਾਰ ਵਾਰ ਖ਼ੁਦਾ ਦਾ ਨਾਮ ਲੈਂਦਾ ਸੀ।

ਉਹ ਵੇਖਣ ਨੂੰ ਬੜਾ ਦਿਆਲੂ ਅਤੇ ਅਤਿਥੀਆਂ ਦੀ ਸੇਵਾ ਕਰਨ ਵਾਲਾ ਜਾਪਦਾ ਸੀ। ਉਸ ਨੇ ਆਪਣੇ ਪਿੰਡ ਵਿਚ ਇਕ ਮੰਦਰ ਅਤੇ ਇੱਕ ਮਸੀਤ ਬਣਵਾ ਰਖੀ ਸੀ। ਰਾਤ ਰਹਿਣ ਵਾਲਿਆਂ ਹਿੰਦੂ ਮੁਸਾਫ਼ਰਾਂ ਨੂੰ ਉਹ ਮੰਦਰ ਵਿਚ ਠਹਿਰਣ ਲਈ ਕਹਿੰਦਾ ਸੀ ਅਤੇ ਇਸੇ ਤਰ੍ਹਾਂ ਮਸਜਿਦ ਵਿਚ ਮੁਸਲਮਾਨ ਮੁਸਾਫ਼ਰ ਆ ਕੇ ਠਹਿਰਦੇ ਸਨ।

ਪਰੰਤੂ ਸ਼ੇਖ਼ ਸੱਜਣ ਜਿਹੋ ਜਿਹਾ ਦਿੱਸਦਾ ਸੀ ਉਹੋ ਜਿਹਾ ਨਹੀਂ ਸੀ। ਦਿਲੋਂ ਉਹ ਜ਼ਾਲਮ ਸੀ ਅਤੇ ਲੋਕਾਂ ਨੂੰ ਜਾਨੋਂ ਮਾਰ ਕੇ ਉਨ੍ਹਾਂ ਦਾ ਧਨ ਲੁੱਟਣ ਵਿਚ ਖ਼ੁਸ਼ੀ ਪ੍ਰਾਪਤ ਕਰਦਾ ਸੀ। ਰਾਤ ਵੇਲੇ ਉਹ ਆਪਣੇ

Sri Satguru Jagjit Singh Ji eLibrary NamdhariElibrary@gmail.com

ਮਹਿਮਾਨਾਂ ਨੂੰ ਅਰਾਮ ਕਰਨ ਲਈ ਕਹਿੰਦਾ। ਜਿਉਂ ਹੀ ਉਹ ਸੌਂ ਜਾਂਦੇ, ਉਹ ਉਨ੍ਹਾਂ ਨੂੰ ਖੂਹ ਵਿਚ ਸੁੱਟ ਦਿੰਦਾ। ਇਸ ਮਗਰੋਂ ਉਹ ਸਾਰਾ ਕੁਝ ਲੁੱਟ ਲੈਂਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਇੱਕ ਵਾਰੀ ਉਸ ਦੇ ਪਿੰਡ ਰਾਤ ਗੁਜ਼ਾਰਨੀ ਪਈ। ਜਦੋਂ ਸ਼ੇਖ਼ ਨੇ ਵੇਖਿਆ ਤਾਂ ਉਸ ਨੇ ਆਪਣੇ ਮਨ ਵਿਚ ਕਿਹਾ, "ਇਹ ਮਨੁੱਖ ਬਹੁਤ ਧਨੀ ਪ੍ਰਤੀਤ ਹੁੰਦਾ ਹੈ। ਇਹ ਬਹੁਤ ਖ਼ੁਸ਼ ਨਜ਼ਰ ਆਉਂਦਾ ਹੈ। ਇਸ ਕੋਲੋਂ ਮੈਨੂੰ ਬਹੁਤ ਧਨ ਮਿਲੇਗਾ।"

ਇਹ ਸੋਚ ਕੇ, ਸ਼ੇਖ਼ ਸੱਜਣ ਨੇ ਗੁਰੂ ਨਾਨਕ ਦੇਵ ਜੀ ਦੀ ਬੜੀ ਆਉ-ਭਗਤ ਕੀਤੀ। ਉਸ ਮਗਰੋਂ ਉਨ੍ਹਾਂ ਨੂੰ ਅਰਾਮ ਕਰਨ ਲਈ ਕਿਹਾ। ਗੁਰੂ ਜੀ ਨੇ ਕਿਹਾ ਕਿ ਉਹ ਸੌਣ ਤੋਂ ਪਹਿਲਾਂ ਪ੍ਰਾਰਥਨਾ ਕਰਿਆ ਕਰਦੇ ਹਨ, ਇਸ ਲਈ ਉਹ ਸ਼ਬਦ ਪੜ੍ਹਨਾ ਚਾਹੁਣਗੇ। ਸ਼ੇਖ਼ ਨੇ ਮੰਨ ਲਿਆ ਅਤੇ ਗੁਰੂ ਜੀ ਨੇ ਸ਼ਬਦ ਸ਼ੁਰੂ ਕੀਤਾ, "ਕਾਂਸੀ ਦਾ ਭਾਂਡਾ ਵੇਖਣ ਨੂੰ ਬਹੁਤ ਚਮਕਦਾਰ ਲਗਦਾ ਹੈ, ਪਰੰਤੂ ਜੇ ਇਸ ਨੂੰ ਰਗੜੋ ਤਾਂ ਤੁਹਾਡੇ ਹੱਥ ਕਾਲੇ ਹੋ ਜਾਂਦੇ ਹਨ। ਇਸੇ ਤਰ੍ਹਾਂ ਕਈ ਮਨੁੱਖ ਵੇਖਣ ਨੂੰ ਬਹੁਤ ਭਲੇ ਪ੍ਰਤੀਤ ਹੁੰਦੇ ਹਨ, ਪਰੰਤੂ ਅਸਲ ਵਿਚ ਉਹ ਬਹੁਤ ਪਾਪੀ ਹੁੰਦੇ ਹਨ। ਉਹ ਉਨ੍ਹਾਂ ਮਹਿਲ-ਮਾੜ੍ਹੀਆਂ ਦੀ ਤਰ੍ਹਾਂ ਹਨ, ਜਿਹੜੀਆਂ ਬਾਹਰੋਂ ਤਾਂ ਲਿਪੀਆਂ ਪੋਚੀਆਂ ਹੋਈਆਂ ਹੋਣ ਪਰ ਅੰਦਰੋਂ ਸੱਖਣੀਆਂ ਅਤੇ ਢੱਠੀਆਂ ਹੋਈਆਂ ਹੋਣ। ਮਨੁੱਖ ਨੂੰ ਅੰਦਰੋਂ ਅਤੇ ਬਾਹਰੋਂ ਚੰਗਾ ਹੋਣਾ ਚਾਹੀਦਾ ਹੈ।"

ਸ਼ਬਦ ਅਤੇ ਇਸ ਦੇ ਗਾਉਣ ਵਾਲੇ ਦੇ ਅੰਦਰ ਕੋਈ ਅਜਿਹੀ ਚਿਣਗ ਸੀ ਜਿਸ ਨੇ ਗੁਰੂ ਜੀ ਦੇ ਬੋਲਾਂ ਰਾਹੀਂ ਸ਼ੇਖ਼ ਸੱਜਣ ਦੇ ਹਿਰਦੇ ਨੂੰ ਛੂਹ ਕੇ ਉਸ ਦੇ ਅੰਦਰ ਪਛਤਾਵੇ ਦੀ ਅੱਗ ਬਾਲ ਦਿੱਤੀ। ਉਹ ਗੁਰੂ ਜੀ ਦੇ ਚਰਨਾਂ ਉੱਤੇ ਢਹਿ ਪਿਆ ਅਤੇ ਆਪਣੇ ਕੁਕਰਮਾਂ ਲਈ ਖਿਮਾ ਮੰਗੀ।

ਗੁਰੂ ਜੀ ਨੇ ਕਿਹਾ, "ਤੈਨੂੰ ਤਾਂ ਖਿਮਾ ਮਿਲ ਸਕਦੀ ਹੈ ਜੇ ਤੂੰ ਦੋ ਗੱਲਾਂ ਕਰੇਂ। ਇੱਕ ਤੇ ਮੈਨੂੰ ਦੱਸ ਦੇ ਕਿ ਤੂੰ ਅੱਜ ਤਕ ਕੀ ਕੀ ਮੰਦੇ

Sri Satguru Jagjit Singh Ji eLibrary NamdhariElibrary@gmail.com

ਕੰਮ ਕੀਤੇ ਹਨ। ਦੂਸਰੇ ਲੋਕਾਂ ਦਾ ਲੁੱਟਿਆ ਹੋਇਆ ਸਾਰਾ ਧਨ ਵਾਪਸ ਕਰ ਦੇ।"

ਸ਼ੇਖ ਨੇ ਕਿਹਾ ਕਿ ਉਸ ਨੇ ਬਹੁਤ ਮਨੁੱਖਾਂ ਦੀ ਹੱਤਿਆ ਕੀਤੀ ਹੈ ਅਤੇ ਉਸ ਨੇ ਗ਼ਰੀਬਾਂ ਦਾ ਧਨ ਪਰਤਾ ਦੇਣ ਦਾ ਵੀ ਇਕਰਾਰ ਕੀਤਾ। ਇਸ ਤੋਂ ਪਿਛੋਂ ਸ਼ੇਖ਼ ਸੱਜਣ ਗੁਰੂ ਨਾਨਕ ਦੇਵ ਜੀ ਦਾ ਸਿਖ ਬਣ ਗਿਆ। ਕਿਹਾ ਜਾਂਦਾ ਹੈ ਕਿ ਪਹਿਲਾ ਗੁਰਦਵਾਰਾ ਉਸ ਥਾਂ ਉੱਤੇ ਬਣਿਆ, ਜਿਥੇ ਸ਼ੇਖ ਸੱਜਣ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਸੀ। ਮਗਰੋਂ ਸ਼ੇਖ ਸੱਜਣ, ਸਿੱਖ ਧਰਮ ਦਾ ਮਹਾਨ ਪ੍ਰਚਾਰਕ ਬਣਿਆ।

Sri Satguru Jagjit Singh Ji eLibrary NamdhariElibrary@gmail.com

# ਗੁਰੂ ਨਾਨਕ ਦੇਵ ਜੀ ਹਰਦਵਾਰ ਵਿਚ

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਫਿਰਨ ਤੁਰਨ ਦਾ ਬਹੁਤ ਸ਼ੌਕ ਸੀ। ਭਾਈ ਮਰਦਾਨੇ ਮਿਰਾਸੀ ਨੂੰ ਨਾਲ ਲੈ ਕੇ ਗੁਰੂ ਜੀ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿਚ, ਉੱਤਰ ਪ੍ਰਦੇਸ਼, ਬੰਗਾਲ, ਦੱਖਣੀ ਭਾਰਤ, ਲੰਕਾ ਆਦਿ ਥਾਵਾਂ ਉੱਤੇ ਗਏ। ਕਿਹਾ ਜਾਂਦਾ ਹੈ ਕਿ ਉਹ ਮੁਸਲਮਾਨਾਂ ਦੀ ਪਵਿੱਤਰ ਥਾਂ ਮੱਕਾ ਸ਼ਰੀਫ਼ ਵੀ ਗਏ।

ਜਿਥੇ ਜਿਥੇ ਵੀ ਗੁਰੂ ਜੀ ਜਾਂਦੇ ਸਨ, ਉਥੇ ਹੀ ਕੋਈ ਨਾ ਕੋਈ ਅਨੋਖੀ ਜਿਹੀ ਕਰਾਮਾਤ ਕਰਿਆ ਕਰਦੇ ਸਨ। ਪਰੰਤੂ ਹਰ ਗੱਲ ਤੋਂ ਕੋਈ ਨਾ ਕੋਈ ਸਿੱਖਿਆ ਮਿਲਦੀ ਸੀ। ਗੁਰੂ ਜੀ ਜਿਥੇ ਵੀ ਜਾਂਦੇ ਉਹ ਲੋਕਾਂ ਦੇ ਸੋਚਣ ਦਾ ਢੰਗ ਬਦਲਣ ਦਾ ਯਤਨ ਕਰਦੇ। ਉਹ ਸਭਨਾਂ ਨੂੰ ਝੂਠ ਤੋਂ ਹਟਾ ਕੇ, ਸਚਾਈ ਦੇ ਮਾਰਗ ਉੱਤੇ ਚਲਣ ਲਈ ਪ੍ਰੇਰਦੇ।

ਇਸ ਵੇਲੇ ਆਪ ਨੂੰ ਇਹ ਦੱਸਿਆ ਜਾਵੇਗਾ ਕਿ ਗੁਰੂ ਜੀ ਨੇ ਹਰਦਵਾਰ ਜਾ ਕੇ ਕੀ ਕੀਤਾ। ਸ਼ਾਇਦ ਇਹ ਤੁਹਾਨੂੰ ਅਜੀਬ ਲੱਗੇ ਪਰ ਇਸ ਵਿਚੋਂ ਵੀ ਸਿਖਿਆ ਮਿਲਦੀ ਹੈ।

ਜਿਵੇਂ ਕਿ ਆਪ ਜਾਣਦੇ ਹੋ, ਹਰਦਵਾਰ ਗੰਗਾ ਨਦੀ ਦੇ ਕੰਢੇ ਤੇ ਸਥਿਤ ਹੈ। ਇਹ ਇੱਕ ਪਵਿੱਤਰ ਸ਼ਹਿਰ ਹੈ, ਜਿਥੇ ਭਾਰਤ ਦੇ ਹਰ ਭਾਗ ਵਿਚੋਂ ਹਿੰਦੂ ਆਉਂਦੇ ਹਨ। ਹਿੰਦੂ ਇਹ ਮੰਨਦੇ ਹਨ ਕਿ ਮ੍ਰਿਤਕ ਦੀਆਂ ਹੱਡੀਆਂ ਅਤੇ ਸੁਆਹ, ਹਰਦਵਾਰ ਵਿਚ ਆ ਕੇ ਗੰਗਾ ਵਿਚ ਜਲ ਪ੍ਰਵਾਹ ਕਰਨ ਨਾਲ ਮ੍ਰਿਤਕ ਦੀ ਆਤਮਾ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਉਨ੍ਹਾਂ ਦਾ ਇਹ ਵੀ ਵਿਸ਼ਵਾਸ ਹੈ ਕਿ ਗੰਗਾ ਨਦੀ ਵਿਚ ਇਸ਼ਨਾਨ ਕਰਨ ਨਾਲ ਪਾਪ ਧੋਤੇ ਜਾ ਸਕਦੇ ਹਨ।

Sri Satguru Jagjit Singh Ji eLibrary NamdhariElibrary@gmail.com

ਇੱਕ ਵਾਰੀ ਗੁਰੂ ਜੀ ਹਰਦਵਾਰ ਗਏ। ਉਥੇ ਉਨ੍ਹਾਂ ਨੇ ਬਹੁਤ ਹਿੰਦੂ ਵੇਖੇ। ਉਨ੍ਹਾਂ ਨੇ ਇਹ ਵੀ ਵੇਖਿਆ ਕਿ ਚਾਹੇ ਸਾਰੇ ਹਿੰਦੂ ਗੰਗਾ ਵਿਚ ਇਸ਼ਨਾਨ ਕਰ ਕੇ ਆਪਣਾ ਸਰੀਰ ਪਵਿੱਤਰ ਕਰ ਰਹੇ ਹਨ, ਪਰੰਤੂ ਕਿਸੇ ਨੇ ਵੀ ਆਪਣੀ ਆਤਮਾ ਨੂੰ ਪਵਿੱਤਰ ਕਰਨ ਦਾ ਯਤਨ ਨਹੀਂ ਕੀਤਾ।

ਹੋਰਨਾਂ ਗੱਲਾਂ ਤੋਂ ਇਲਾਵਾ, ਗੁਰੂ ਜੀ ਨੇ ਇਹ ਵੀ ਵੇਖਿਆ ਕਿ ਕੁਝ ਲੋਕ ਵਗਦੇ ਦਰਿਆ ਵਿਚ ਖਲੋ ਕੇ, ਪੂਰਬ ਵੱਲ ਮੂੰਹ ਕਰ ਕੇ, ਉਸ ਦਿਸ਼ਾ ਵੱਲ ਪਾਣੀ ਸੂਰਜ ਨੂੰ ਦੇ ਰਹੇ ਸਨ। ਉਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ ਇਉਂ ਦਿੱਤਾ ਹੋਇਆ ਪਾਣੀ, ਉਨ੍ਹਾਂ ਦੇ ਵੱਡੇ ਵਡੇਰਿਆਂ ਦੀਆਂ ਆਤਮਾਵਾਂ ਨੂੰ ਸ਼ਾਂਤੀ ਬਖ਼ਸ਼ੇਗਾ। ਗੁਰੂ ਜੀ ਵੀ ਵਗਦੇ ਦਰਿਆ ਵਿਚ ਉੱਤਰ ਗਏ ਅਤੇ ਉਨ੍ਹਾਂ ਲੋਕਾਂ ਵਿਚ ਜਾ ਖੜੇ ਹੋਏ। ਪੱਛਮ ਵੱਲ ਮੂੰਹ ਕਰ ਕੇ ਉਨ੍ਹਾਂ ਨੇ ਉਲਟੀ ਦਿਸ਼ਾ ਵਿਚ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ। ਇਸ ਗੱਲ ਤੋਂ ਲੋਕਾਂ ਨੂੰ ਬਹੁਤ ਹੈਰਾਨੀ ਹੋਈ। ਉਨ੍ਹਾਂ ਨੇ ਸੋਚਿਆ ਕਿ ਸ਼ਾਇਦ ਗੁਰੂ ਜੀ ਮੁਸਲਮਾਨ ਹੋਣਗੇ।

"ਪਰ ਇੱਕ ਮੁਸਲਮਾਨ ਨੂੰ ਇਥੇ ਆਉਣ ਦਾ ਕੀ ਹੱਕ ਹੈ ?" ਉਨ੍ਹਾਂ ਨੇ ਆਖਿਆ।

ਦੂਸਰਿਆਂ ਨੇ ਸੋਚਿਆ ਕਿ ਇਸ ਹਿੰਦੂ ਨੂੰ ਸ਼ਾਇਦ ਪਤਾ ਨਹੀਂ ਕਿ ਉਹ ਕੀ ਕਰ ਰਿਹਾ ਹੈ।

ਗੁਰੂ ਜੀ ਨੂੰ ਪਤਾ ਸੀ ਕਿ ਇਹ ਸਾਰੇ ਲੋਕ ਉਨ੍ਹਾਂ ਦੀ ਬਾਬਤ ਕੀ ਕੁਝ ਕਹਿ ਰਹੇ ਸਨ। ਅਚਾਨਕ ਗੁਰੂ ਜੀ ਨੇ ਪਾਣੀ ਦੇਣਾ ਬੰਦ ਕਰ ਦਿੱਤਾ ਅਤੇ ਆਪਣੇ ਨਾਲ ਦੇ ਆਦਮੀ ਨੂੰ ਪੁੱਛਣ ਲੱਗੇ, "ਐ ਭਲੇ ਪੁਰਸ਼ ! ਇਹ ਸਾਰੇ ਲੋਕ ਪੂਰਬ ਵੱਲ ਪਾਣੀ ਕਿਉਂ ਦੇ ਰਹੇ ਹਨ ?"

ਇੱਕ ਆਦਮੀ ਨੇ ਉੱਤਰ ਦਿੱਤਾ, "ਇਉਂ ਕਰਨ ਨਾਲ ਉਹ ਆਪਣੇ ਵੱਡੇ ਵਡੇਰਿਆਂ ਦੀਆਂ ਆਤਮਾਵਾਂ ਨੂੰ ਸ਼ਾਂਤੀ ਦੇ ਰਹੇ ਹਨ।"

"ਉਨ੍ਹਾਂ ਦੇ ਵੱਡੇ ਵਡੇਰੇ ਕਿੰਨੀ ਦੂਰ ਰਹਿੰਦੇ ਹਨ ?" ਗੁਰੂ ਜੀ ਨੇ

Sri Satguru Jagjit Singh Ji eLibrary NamdhariElibrary@gmail.com

ਪੁੱਛਿਆ।

ਇਸ ਗੱਲ ਦਾ ਕਿਸੇ ਨੇ ਉੱਤਰ ਨਾ ਦਿੱਤਾ। ਪਰ ਇੱਕ ਹੋਰ ਬ੍ਰਾਹਮਣ, ਜੋ ਬਿਰਧ ਤੇ ਸਿਆਣਾ ਸੀ, ਨੇ ਉੱਤਰ ਦਿੱਤਾ ਕਿ, "ਉਹ ਹਜ਼ਾਰਾਂ ਮੀਲ ਦੂਰ ਰਹਿੰਦੇ ਹਨ।"

ਇਹ ਸੁਣ ਕੇ ਗੁਰੂ ਜੀ ਫਿਰ ਪੱਛਮ ਵੱਲ ਪਾਣੀ ਦੇਣ ਲੱਗ ਪਏ। ਜਿੰਨੀ ਦੇਰ ਤੱਕ ਉਨ੍ਹਾਂ ਨੂੰ ਇੱਕ ਆਦਮੀ ਨੇ ਇਹ ਨਹੀਂ ਕਿਹਾ, "ਆਪ ਇਹ ਕੀ ਕਰ ਰਹੇ ਹੋ ?"

"ਮੈਂ ਆਪਣੇ ਖੇਤਾਂ ਨੂੰ ਪਾਣੀ ਦੇ ਰਿਹਾ ਹਾਂ। ਮੇਰੇ ਖੇਤ ਇਥੋਂ ਪੱਛਮ ਵੱਲ ਹਨ।" ਗੁਰੂ ਜੀ ਨੇ ਕਿਹਾ, "ਇਥੇ ਆਉਣ ਤੋਂ ਪਹਿਲਾਂ ਮੈਂ ਆਪਣੇ ਖੇਤਾਂ ਵਿਚ ਬੀਜ ਪਾ ਆਇਆ ਸਾਂ। ਪਰ ਬਾਰਸ਼ ਨਾ ਹੋਣ ਕਾਰਣ ਸਾਰੇ ਖੇਤ ਸੁੱਕ ਗਏ ਹਨ। ਇਸ ਪਾਣੀ ਨਾਲ ਮੈਂ ਖੇਤਾਂ ਨੂੰ ਫਿਰ ਹਰਾ ਭਰਾ ਕਰ ਰਿਹਾ ਹਾਂ।"

"ਆਪ ਦੇ ਖੇਤ ਇਥੋਂ ਕਿੰਨੀ ਦੂਰ ਹਨ ?" ਇੱਕ ਆਦਮੀ, ਜਿਹੜਾ ਉਨ੍ਹਾਂ ਦੇ ਕੋਲ ਖਲੋਤਾ ਸੀ, ਉਸ ਨੇ ਪੁੱਛਿਆ।

"ਕੇਵਲ ਕੁਝ ਸੌ ਮੀਲ ਦੀ ਵਾਟ ਤੇ ਹਨ।" ਗੁਰੂ ਜੀ ਨੇ ਉੱਤਰ ਦਿੱਤਾ।

"ਇਹ ਸੁਣ ਕੇ ਸਾਰੇ ਹਸਣ ਲੱਗ ਪਏ ਅਤੇ ਕਹਿਣ ਲੱਗੇ, "ਕੀ ਆਪ ਆਪਣੇ ਖੇਤਾਂ ਨੂੰ, ਜੋ ਐਨੀ ਦੂਰ ਹਨ, ਪਾਣੀ ਪਹੁੰਚਾ ਸਕਦੇ ਹੋ ?"

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜੇ ਇਹ ਪਾਣੀ, ਮੇਰੇ ਖੇਤਾਂ ਵਿਚ, ਜਿਹੜੇ ਕੇਵਲ ਕੁਝ ਸੈਂਕੜੇ ਮੀਲ ਦੂਰ ਹਨ, ਨਹੀਂ ਪਹੁੰਚ ਸਕਦਾ, ਤਾਂ ਇਹ ਆਪ ਦੇ ਵੱਡੇ ਵਡੇਰਿਆਂ ਨੂੰ ਕਿਵੇਂ ਪਹੁੰਚ ਸਕਦਾ ਹੈ, ਜਿਹੜੇ ਹਜ਼ਾਰਾਂ ਮੀਲ ਦੂਰ ਹਨ ?"

ਇਹ ਸੁਣ ਕੇ ਸਾਰੇ ਲੋਕੀਂ ਨਿਰੁੱਤਰ ਹੋ ਗਏ।

Sri Satguru Jagjit Singh Ji eLibrary NamdhariElibrary@gmail.com

# ਗੁਰੂ ਅੰਗਦ ਦੇਵ ਜੀ ਅਤੇ ਹੰਕਾਰੀ ਸਾਧੂ

ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ, ਭਾਈ ਲਹਿਣਾ ਜੀ ਨੂੰ, ਜਿਨ੍ਹਾਂ ਨੂੰ ਪਿਛੋਂ ਜਾ ਕੇ ਗੁਰੂ ਅੰਗਦ ਦੇਵ ਜੀ ਦੇ ਨਾਮ ਨਾਲ ਸੱਦਿਆ ਜਾਂਦਾ ਸੀ, ਗੁਰ-ਗੱਦੀ ਬਖ਼ਸ਼ੀ। ਅਜਿਹਾ ਕਰਨ ਨਾਲ ਉਨ੍ਹਾਂ ਨੇ ਆਪਣੇ ਪੁੱਤਰਾਂ ਦੇ ਦਾਅਵਿਆਂ ਨੂੰ ਅਪ੍ਰਵਾਨ ਕਰ ਦਿੱਤਾ। ਗੁਰੂ ਜੀ ਭਾਈ ਲਹਿਣਾ ਜੀ ਉੱਤੇ ਇਤਨੇ ਪ੍ਰਸੰਨ ਸਨ ਕਿ ਉਹ ਆਪਣੀ ਪਤਨੀ ਨੂੰ ਕਿਹਾ ਕਰਦੇ ਸਨ, "ਸ੍ਰੀ ਚੰਦ ਅਤੇ ਲਖਮੀ ਦਾਸ ਤਾਂ ਤੇਰੇ ਪੁੱਤਰ ਹਨ, ਪਰੰਤੂ ਲਹਿਣਾ ਜੀ, ਜਿਹੜੇ, ਮੇਰਾ ਹੁਕਮ ਮੰਨਦੇ ਹਨ, ਮੇਰੇ ਸਪੁੱਤਰ ਹਨ।"

ਸੱਚਮੁੱਚ ਭਾਈ ਲਹਿਣਾ ਜੀ ਸਦਾ ਗੁਰੂ ਨਾਨਕ ਦੇਵ ਜੀ ਦਾ ਹੁਕਮ ਮੰਨਦੇ ਸਨ। ਸਰਦੀਆਂ ਦੀ ਸਵੇਰ ਹੋਵੇ ਜਾਂ ਗਰਮੀਆਂ ਦੀ ਕੜਕਦੀ ਦੁਪਹਿਰ, ਉਹ ਸਦਾ ਗੁਰੂ ਜੀ ਦਾ ਹੁਕਮ ਮੰਨਣ ਲਈ ਤੱਤਪਰ ਰਹਿੰਦੇ ਸਨ। ਜੇ ਉਨ੍ਹਾਂ ਨੂੰ ਕੰਧ ਉਸਾਰਨ ਲਈ ਕਿਹਾ ਜਾਂਦਾ ਤਾਂ ਉਹ ਰਾਜ ਦੀ ਤਰ੍ਹਾਂ ਦੀਵਾਰ ਬਣਾਉਣ ਲਈ ਤਿਆਰ ਹੋ ਜਾਂਦੇ। ਜੇ ਗੁਰੂ ਜੀ ਖੇਤਾਂ ਵਿਚੋਂ ਘਾਹ ਦੀ ਪੰਡ ਚੁੱਕਣ ਲਈ ਕਹਿੰਦੇ ਤਾਂ ਉਹ ਹੱਸਦੇ ਹੋਏ ਚੁੱਕ ਲੈਂਦੇ। ਗੁਰੂ ਜੀ ਦਾ ਹੁਕਮ ਮੰਨਣਾ ਹੀ ਉਨ੍ਹਾਂ ਦੇ ਜੀਵਨ ਦੀ ਤੀਬਰ ਇੱਛਾ ਸੀ। ਇੱਕ ਵਾਰੀ ਗੁਰੂ ਜੀ ਨੇ ਉਨ੍ਹਾਂ ਨੂੰ ਅੱਧੀ ਰਾਤ ਵੇਲੇ ਕਪੜੇ ਧੋਣ ਲਈ ਕਿਹਾ। ਉਹ ਇਕਦਮ ਤਿਆਰ ਹੋ ਗਏ, ਜਦੋਂ ਕਿ ਪੁੱਤਰਾਂ ਨੇ ਕਪੜੇ ਧੋਣ ਤੋਂ ਨਾਂਹ ਕਰ ਦਿੱਤੀ ਸੀ।

ਉਨ੍ਹਾਂ ਦਾ ਹੁਕਮ ਮੰਨਣਾ ਉਸ ਲਈ ਭਗਤੀ ਦੇ ਸਮਾਨ ਸੀ। ਗੁਰੂ ਨਾਨਕ ਜੀ ਦਾ ਨਿਤਨੇਮ, ਸਵੇਰੇ ਸੂਰਜ ਚੜ੍ਹਨ ਤੋਂ ਤਿੰਨ ਘੰਟੇ ਪਹਿਲਾਂ,

Sri Satguru Jagjit Singh Ji eLibrary NamdhariElibrary@gmail.com

ਰਾਵੀ ਨਦੀ ਇਸ਼ਨਾਨ ਕਰਨ ਲਈ ਜਾਣਾ ਸੀ। ਇਸ਼ਨਾਨ ਕਰਨ ਮਗਰੋਂ, ਸੂਰਜ ਚੜ੍ਹਨ ਤੱਕ ਉਹ ਸ਼ਬਦ ਉਚਾਰਦੇ। ਭਾਈ ਲਹਿਣਾ ਜੀ, ਗੁਰੂ ਜੀ ਦੇ ਉੱਠਣ ਤੋਂ ਪਹਿਲਾਂ ਉੱਠਦੇ ਅਤੇ ਗੁਰੂ ਜੀ ਦੇ ਨਾਲ ਰਾਵੀ ਨਦੀ ਤੇ ਇਸ਼ਨਾਨ ਲਈ ਜਾਂਦੇ ਅਤੇ ਜੋ ਕੁਝ ਗੁਰੂ ਜੀ ਹੁਕਮ ਕਰਦੇ, ਉਹ ਉਸੇ ਤਰ੍ਹਾਂ ਕਰਦੇ।

ਇਸ ਪ੍ਰਕਾਰ ਭਾਈ ਲਹਿਣਾ ਜੀ, ਪਹਿਲਾਂ ਤੋਂ ਹੀ ਗੁਰੂ ਜੀ ਦਾ ਹੁਕਮ ਮੰਨਣ ਅਤੇ ਉਨ੍ਹਾਂ ਦਾ ਕੰਮ ਕਰਨ ਵਿਚ ਖ਼ੁਸ਼ੀ ਅਨੁਭਵ ਕਰਦੇ ਸਨ। ਉਹ ਬੜੇ ਨਿਮਰ ਭਾਵ ਦੇ ਸਨ। ਉਨ੍ਹਾਂ ਵਿਚ ਕਿਸੇ ਕਿਸਮ ਦਾ ਹੰਕਾਰ ਨਹੀਂ ਸੀ। ਗੁਰ ਪਦਵੀ ਮਿਲਣ ਮਗਰੋਂ ਵੀ ਉਨ੍ਹਾਂ ਨੇ ਨਿਮਰਤਾ ਧਾਰ ਰਖੀ। ਉਨ੍ਹਾਂ ਦੀ ਬਾਬਤ ਇੱਕ ਕਥਾ ਕਹੀ ਜਾਂਦੀ ਹੈ ਕਿ ਉਹ ਕਿਵੇਂ ਹੰਕਾਰ-ਰਹਿਤ ਅਤੇ ਨਿਮਰਤਾ ਵਾਲੇ ਸਨ।

ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਰਿਹਾ ਕਰਦੇ ਸਨ। ਇਹ ਇੱਕ ਪ੍ਰਸਿੱਧ ਨਗਰ ਤਰਨਤਾਰਨ ਦੇ ਨੇੜੇ, ਅੰਮ੍ਰਿਤਸਰ ਦੇ ਜ਼ਿਲ੍ਹੇ ਵਿਚ ਹੈ। ਉਸ ਨਗਰ ਦੇ ਵਾਸੀਆਂ ਨੂੰ ਗੁਰੂ ਜੀ ਤੇ ਪੂਰਨ ਭਰੋਸਾ ਸੀ। ਉਨ੍ਹਾਂ ਨੂੰ ਯਕੀਨ ਸੀ ਕਿ ਉਹ ਉਨ੍ਹਾਂ ਨੂੰ ਮੁਕਤੀ ਦਾ ਮਾਰਗ ਦੱਸ ਸਕਦੇ ਹਨ।

ਉਸ ਨਗਰ ਵਿਚ ਇੱਕ ਹੋਰ ਮਹਾਤਮਾ ਰਿਹਾ ਕਰਦੇ ਸਨ, ਜਿਨ੍ਹਾਂ ਦਾ ਨਾਮ 'ਤੱਪਾ' ਸੀ। ਨਗਰ ਦੇ ਜੱਟ ਇਨ੍ਹਾਂ ਦੀ ਬੜੀ ਮਾਨਤਾ ਕਰਦੇ ਸਨ। ਉਨ੍ਹਾਂ ਨੂੰ ਵੀ ਆਪਣੀ ਮਹਾਨਤਾ ਦਾ ਬੜਾ ਮਾਣ ਸੀ। ਉਹ ਲੋਕਾਂ ਨੂੰ ਕਿਹਾ ਕਰਦੇ ਸਨ ਕਿ ਉਹ ਰੋਗੀਆਂ ਦੇ ਰੋਗ ਦੂਰ ਕਰ ਸਕਦੇ ਹਨ ਅਤੇ ਸਿੱਧੀ ਦੁਆਰਾ ਪਾਪੀਆਂ ਨੂੰ ਸਜ਼ਾ ਦੇ ਸਕਦੇ ਹਨ। ਪਰ ਈਰਖਾ ਦੇ ਕਾਰਣ ਉਹ ਲੋਕਾਂ ਨੂੰ ਗੁਰੂ ਜੀ ਦੇ ਵਿਰੁੱਧ ਕਰਦੇ ਅਤੇ ਕਹਿੰਦੇ ਕਿ ਗੁਰੂ ਜੀ ਝੂਠੇ ਹਨ।

ਇੱਕ ਵਾਰੀ ਖਡੂਰ ਸਾਹਿਬ ਇੱਕ ਜੱਟ ਦਾ ਲੜਕਾ ਬੀਮਾਰ ਹੋ ਗਿਆ। ਇਹ ਜੱਟ ਗੁਰੂ ਜੀ ਦਾ ਸੇਵਕ ਨਹੀਂ ਸੀ। ਜੱਟ ਨੇ ਬੱਚੇ ਨੂੰ ਹਰ ਪ੍ਰਕਾਰ ਦੀ ਦੁਆਈ ਦਿੱਤੀ, ਪਰ ਕੋਈ ਆਰਾਮ ਨਾ ਆਇਆ।

Sri Satguru Jagjit Singh Ji eLibrary NamdhariElibrary@gmail.com

ਆਖਰ ਜੱਟ ਬੱਚੇ ਨੂੰ ਗੁਰੂ ਜੀ ਕੋਲ ਲੈ ਆਇਆ। ਗੁਰੂ ਜੀ ਨੇ ਕਿਹਾ ਕਿ ਜੇ ਬਾਲਕ ਸ਼ਰਾਬ ਪੀਣੀ ਛੱਡ ਦੇਵੇ ਅਤੇ ਮਹਾਤਮਾ ਦੀ ਸੇਵਾ ਕਰਿਆ ਕਰੇ ਤਾਂ ਇਹ ਠੀਕ ਹੋ ਜਾਵੇਗਾ। ਬਾਲਕ ਨੇ ਕਿਹਾ ਕਿ ਮੈਂ ਅਜਿਹਾ ਹੀ ਕਰਾਂਗਾ। ਵਾਹਿਗੁਰੂ ਦੀ ਕ੍ਰਿਪਾ ਦੁਆਰਾ ਬਾਲਕ ਰਾਜ਼ੀ ਹੋ ਗਿਆ।

ਹੁਣ ਸਾਰੇ ਨਗਰ ਵਿਚ ਇਹ ਖ਼ਬਰ ਫੈਲ ਗਈ ਕਿ ਗੁਰੂ ਜੀ ਨੇ ਜੱਟ ਦੇ ਲੜਕੇ ਨੂੰ ਰਾਜ਼ੀ ਕਰ ਦਿੱਤਾ ਹੈ। ਤੱਪੇ ਨੇ ਧੁੰਮਾ ਦਿੱਤਾ ਕਿ ਜੱਟ ਦੇ ਲੜਕੇ ਨੂੰ ਉਸ ਨੇ ਰਾਜ਼ੀ ਕੀਤਾ ਹੈ, ਗੁਰੂ ਜੀ ਨੇ ਨਹੀਂ ਕੀਤਾ। ਜਦੋਂ ਗੁਰੂ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਨਿੰਦਿਆ ਕਰਨ ਦਿਓ, ਮੈਂ ਕਿਸੇ ਦੀ ਨਿੰਦਿਆ ਨਹੀਂ ਕਰਾਂਗਾ। ਇਸ ਮਗਰੋਂ ਗੁਰੂ ਜੀ ਤੱਪੇ ਦੀ ਬਾਬਤ ਸਭ ਕੁਝ ਭੁੱਲ ਗਏ। ਪਰ ਤੱਪਾ ਇਸ ਯਤਨ ਵਿਚ ਸੀ ਕਿ ਉਹ ਕਿਵੇਂ ਨਾ ਕਿਵੇਂ ਗੁਰੂ ਜੀ ਨੂੰ ਨੀਵਾਂ ਵਿਖਾਏ।

ਇੱਕ ਵਾਰੀ ਮੀਂਹ ਦੀ ਇੱਕ ਬੂੰਦ ਨਾ ਪਈ। ਅਨਾਜ ਮਹਿੰਗਾ ਹੋ ਗਿਆ। ਪਸ਼ੂ ਮਰਨ ਲੱਗ ਪਏ। ਸਾਰੇ ਨਗਰ ਵਾਸੀ ਇਕੱਠੇ ਹੋ ਕੇ, ਤੱਪੇ ਕੋਲ ਗਏ ਅਤੇ ਕਹਿਣ ਲੱਗੇ ਕਿ ਉਹ ਕਿਸੇ ਤਰ੍ਹਾਂ ਵਰਖਾ ਲਿਆ ਦੇਵੇ।

"ਤੁਸੀਂ ਮੇਰੇ ਕੋਲ ਕਿਉਂ ਆਏ ਹੋ, ਜਾਓ ਗੁਰੂ ਅੰਗਦ ਨੂੰ ਕਹੋ ਮੀਂਹ ਪਵਾ ਦੇਵੇ। ਤੁਹਾਨੂੰ ਆਪਣੀਆਂ ਕਰਨੀਆਂ ਦਾ ਫਲ ਮਿਲਿਆ ਹੈ। ਤੁਸੀਂ ਮੇਰੇ ਵਰਗੇ ਕਰਨੀ ਵਾਲੇ ਤੱਪੇ ਨੂੰ ਛੱਡ ਕੇ, ਅੰਗਦ ਦੇਵ ਜੀ ਗ੍ਰਿਹਸਥੀ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਹੈ।"

"ਅਸੀਂ ਗੁਰੂ ਜੀ ਨੂੰ ਮੀਂਹ ਪੁਆਉਣ ਲਈ ਕਿਵੇਂ ਕਹੀਏ ? ਉਹ ਤਾਂ ਸਾਡੀ ਕਿਸੇ ਦੀ ਪ੍ਰਵਾਹ ਹੀ ਨਹੀਂ ਕਰਦੇ," ਲੋਕਾਂ ਨੇ ਕਿਹਾ।

ਇਹ ਸੁਣ ਕੇ ਤੱਪੇ ਨੇ ਕਿਹਾ, "ਜੇ ਤੁਸੀਂ ਗੁਰੂ ਜੀ ਨੂੰ ਨਗਰ ਵਿਚੋਂ ਕਢ ਦਿਓ ਤਾਂ ਚੋਵੀ ਘੰਟਿਆਂ ਦੇ ਅੰਦਰ ਅੰਦਰ ਵਰਖਾ ਹੋ ਜਾਵੇਗੀ।

Sri Satguru Jagjit Singh Ji eLibrary NamdhariElibrary@gmail.com

ਜੇ ਉਹ ਨਾ ਜਾਵੇ ਤਾਂ ਉਨ੍ਹਾਂ ਨੂੰ ਕਹੋ ਉਹ ਮੀਂਹ ਪਵਾਉਣ।"

ਨਗਰ ਦੇ ਜੱਟਾਂ ਨੇ ਗੁਰੂ ਜੀ ਨੂੰ ਜਾ ਕੇ ਕਿਹਾ ਕਿ ਉਹ ਨਗਰ ਛੱਡ ਕੇ ਚਲੇ ਜਾਣ ਤਾਂ ਤੱਪਾ ਨਗਰ ਵਿਚ ਮੀਂਹ ਪਵਾ ਦੇਵੇਗਾ। ਗੁਰੂ ਜੀ ਇਕਦਮ ਜਾਣ ਲਈ ਤਿਆਰ ਹੋ ਗਏ। ਕਈ ਲੋਕਾਂ ਨੇ ਉਨ੍ਹਾਂ ਨੂੰ ਜਾਣ ਤੋਂ ਰੋਕਿਆ, ਪਰੰਤੂ ਉਹ ਕਿਸੇ ਦੇ ਕਹਿਣੇ ਵਿਚ ਨਾ ਆਏ ਅਤੇ ਨਗਰ ਛੱਡ ਕੇ ਚਲੇ ਗਏ। ਤਾਂ ਵੀ ਵਰਖਾ ਨਾ ਹੋਈ। ਸ਼ਹਿਰ ਦੇ ਜੱਟਾਂ ਨੂੰ ਗੁੱਸਾ ਚੜ੍ਹ ਗਿਆ। ਉਨ੍ਹਾਂ ਨੇ ਤੱਪੇ ਨੂੰ ਖ਼ੂਬ ਕੁਟਿਆ। ਫਿਰ ਸਾਰੇ ਜਣੇ ਇਕੱਠੇ ਹੋ ਕੇ ਗੁਰੂ ਜੀ ਦੇ ਕੋਲ ਚਲੇ ਗਏ ਅਤੇ ਉਨ੍ਹਾਂ ਨੂੰ ਵਾਪਸ ਆਉਣ ਲਈ ਬੇਨਤੀ ਕੀਤੀ।

ਗੁਰੂ ਜੀ ਨਗਰ ਵਿਚ ਵਾਪਸ ਆ ਗਏ, ਪਰੰਤੂ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਤੱਪੇ ਨੂੰ ਲੋਕਾਂ ਨੇ ਬਹੁਤ ਬੁਰੀ ਤਰ੍ਹਾਂ ਕੁਟਿਆ ਹੈ, ਤਾਂ ਉਨ੍ਹਾਂ ਨੂੰ ਬਹੁਤ ਅਫ਼ਸੋਸ ਹੋਇਆ। ਉਨ੍ਹਾਂ ਨੇ ਲੋਕਾਂ ਨੂੰ ਕਿਹਾ, "ਮੇਰੇ ਸਿੱਖ ਬਣ ਕੇ ਆਪ ਨੂੰ ਗ਼ਲਤ ਕੰਮ ਕਰਨ ਵਾਲੇ ਵਿਅਕਤੀ ਨੂੰ ਵੀ ਖ਼ਿਮਾ ਕਰਨ ਦੀ ਜਾਚ ਆਉਣੀ ਚਾਹੀਦੀ ਹੈ।"

Sri Satguru Jagjit Singh Ji eLibrary NamdhariElibrary@gmail.com

# ਗੁਰੂ ਹਰਿਗੋਬਿੰਦ ਜੀ ਗਵਾਲੀਅਰ ਦੇ ਕਿਲ੍ਹੇ ਵਿਚ

ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਉਨ੍ਹਾਂ ਦੇ ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਗੁਰ-ਗੱਦੀ ਉੱਤੇ ਬੈਠੇ। ਜਦੋਂ ਬਾਬਾ ਬੁੱਢਾ ਜੀ ਨੇ ਤਿਲਕ ਲਗਾਇਆ ਤਾਂ ਰਾਗੀਆਂ ਨੇ ਗੁਰਬਾਣੀ ਵਿਚੋਂ ਸ਼ਬਦ ਗਾਏ ਅਤੇ ਸਿੱਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ।

ਪਹਿਲੇ ਸਾਰੇ ਗੁਰੂ ਸਾਹਿਬਾਨ ਸ਼ਾਂਤੀ ਨਾਲ ਰਹੇ ਅਤੇ ਉਨ੍ਹਾਂ ਨੂੰ ਯੁੱਧ ਕਰਨ ਦਾ ਅਵਸਰ ਨਹੀਂ ਮਿਲਿਆ ਸੀ, ਪਰੰਤੂ ਗੁਰੂ ਹਰਿਗੋਬਿੰਦ ਜੀ ਯੋਧੇ ਵੀ ਸਨ ਅਤੇ ਧਾਰਮਿਕ ਆਗੂ ਵੀ। ਉਨ੍ਹਾਂ ਨੇ ਕਿਹਾ, "ਗੁਰੂ ਜੀ ਦੇ ਘਰ ਦੋ ਚੀਜ਼ਾਂ ਹਮੇਸ਼ਾਂ ਹੋਣੀਆਂ ਜ਼ਰੂਰੀ ਹਨ—ਪਹਿਲੀ ਦੇਗ ਅਤੇ ਦੂਸਰੀ ਤੇਗ ਅਰਥਾਤ ਗ਼ਰੀਬਾਂ ਲਈ ਰੋਟੀ ਅਤੇ ਜ਼ਾਲਮਾਂ ਲਈ ਤਲਵਾਰ।"

ਇਸ ਲਈ ਉਨ੍ਹਾਂ ਨੇ ਸਿੱਖਾਂ ਨੂੰ ਪੈਸਿਆਂ ਦੀ ਥਾਂ ਘੋੜੇ ਅਤੇ ਸ਼ਸਤਰ ਲਿਆਉਣ ਲਈ ਕਿਹਾ। ਉਨ੍ਹਾਂ ਦੇ ਬਵੰਜਾ ਸਿੱਖ ਅੰਗ ਰਖਸ਼ਕ ਵੀ ਸਨ ਜਿਹੜੇ ਬੜੇ ਬਹਾਦਰ ਅਤੇ ਨਿਡੱਰ ਸਨ ਅਤੇ ਸਦਾ ਗੁਰੂ ਜੀ ਲਈ ਜਾਨ ਨਿਛਾਵਰ ਕਰਨ ਲਈ ਤੱਤਪਰ ਰਹਿੰਦੇ ਸਨ। ਉਨ੍ਹਾਂ ਨੂੰ ਸ਼ਿਕਾਰ ਦਾ ਵੀ ਬੜਾ ਸ਼ੌਕ ਸੀ। ਧਾਰਮਿਕ ਸਿੱਖਿਆ ਦੇਣ ਮਗਰੋਂ ਸਰਘੀ ਵੇਲੇ ਦਾ ਖਾਣਾ ਖਾ ਕੇ ਗੁਰੂ ਸਾਹਿਬ ਦੂਰ ਦੁਰਾਡੇ ਜੰਗਲ ਵਿਚ ਜਾ ਕੇ ਸ਼ਿਕਾਰ ਖੇਡਿਆ ਕਰਦੇ ਸਨ। ਉਨ੍ਹਾਂ ਦੇ ਨਾਲ ਬੜੇ ਬਹਾਦਰ ਸਿੱਖ, ਸ਼ਿਕਾਰੀ ਕੁੱਤੇ, ਬਾਜ਼ ਅਤੇ ਚੀਤੇ ਆਦਿ ਹੁੰਦੇ ਸਨ।

ਇਉਂ ਗੁਰੂ ਜੀ ਸੰਤ ਵੀ ਸਨ ਅਤੇ ਸਿਪਾਹੀ ਵੀ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਸ਼ਾਨ-ਸ਼ੌਕਤ ਉਨ੍ਹਾਂ ਤੋਂ ਪਹਿਲੇ ਗੁਰੂ ਸਾਹਿਬਾਂ ਨਾਲੋਂ ਚੌਗੁਣੀ ਸੀ। ਪਹਿਲੇ ਗੁਰੂ ਸਾਹਿਬ ਤਖ਼ਤਪੋਸ਼ ਤੇ ਬੈਠਿਆ ਕਰਦੇ ਸਨ,

Sri Satguru Jagjit Singh Ji eLibrary NamdhariElibrary@gmail.com

ਪਰ ਇਹ ਤਖ਼ਤ ਉੱਤੇ ਬੈਠਿਆ ਕਰਦੇ ਸਨ ।

ਇਹ ਸਾਰੀ ਗੱਲ-ਬਾਤ ਇੱਕ ਚੰਦੂ ਨਾਮੀ ਆਦਮੀ ਨੇ ਬਾਦਸ਼ਾਹ ਜਹਾਂਗੀਰ ਨੂੰ ਦੱਸੀ, ਜਿਸ ਨੇ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦਿੱਤੇ ਸਨ । ਬਾਦਸ਼ਾਹ ਨੂੰ ਕਿਹਾ ਗਿਆ ਕਿ ਗੁਰੂ ਜੀ ਬੜੇ ਹੰਕਾਰੀ ਹੋ ਗਏ ਹਨ । ਉਹਨੂੰ ਸਬਕ ਸਿਖਾਉਣ ਦਾ ਬੜਾ ਚੰਗਾ ਅਵਸਰ ਹੈ ।

ਜਹਾਂਗੀਰ ਨੇ ਦੋ ਦਰਬਾਰੀਆਂ ਨੂੰ ਭੇਜਿਆ ਕਿ ਉਹ ਗੁਰੂ ਹਰਿਗੋਬਿੰਦ ਜੀ ਨੂੰ ਦਰਬਾਰ ਵਿਚ ਲੈ ਆਉਣ । ਜਦੋਂ ਦਰਬਾਰੀ ਗੁਰੂ ਜੀ ਕੋਲ ਅੰਮ੍ਰਿਤਸਰ ਪੁੱਜੇ ਤਾਂ ਸਿੱਖਾਂ ਨੂੰ ਸੁਣ ਕੇ ਬਹੁਤ ਦੁੱਖ ਹੋਇਆ । ਉਨ੍ਹਾਂ ਨੂੰ ਡਰ ਹੋਇਆ ਕਿ ਕਿਤੇ ਗੁਰੂ ਹਰਿਗੋਬਿੰਦ ਜੀ ਦਾ ਵੀ ਆਪਣੇ ਪਿਤਾ ਵਰਗਾ ਅੰਤ ਨਾ ਹੋਵੇ ।

ਕਈ ਉਨ੍ਹਾਂ ਨੂੰ ਨਾ ਜਾਣ ਦੀ ਸਲਾਹ ਦਿੰਦੇ, ਕਈ ਬਾਦਸ਼ਾਹ ਦੇ ਹੁਕਮ ਦੀ ਅਦੂਲੀ ਕਰਨ ਦੀ ਸਲਾਹ ਦਿੰਦੇ । ਗੁਰੂ ਜੀ ਦੀ ਮਾਤਾ ਸਭ ਤੋਂ ਵੱਧ ਦੁੱਖੀ ਸੀ, ਉਨ੍ਹਾਂ ਨੇ ਕਿਹਾ, "ਜਦੋਂ ਮੇਰੇ ਪਤੀ ਮੁਗ਼ਲ ਦਰਬਾਰ ਵੱਨੇ ਤੁਰੇ ਸਨ, ਤਾਂ ਵੀ ਮੈਂ ਬੜੀ ਦੁੱਖੀ ਹੋਈ ਸਾਂ । ਹੁਣ ਆਪ ਵੀ ਚਲੇ ਜਾਉਗੇ ਤਾਂ ਮੇਰਾ ਕੀ ਬਣੇਗਾ । ਆਪ ਜੀ ਤੋਂ ਬਿਨਾਂ ਜੀਵਨ ਵਿਅਰਥ ਹੈ ।" ਗੁਰੂ ਜੀ ਨੇ ਆਪਣੀ ਮਾਤਾ ਜੀ ਅਤੇ ਸਿੱਖਾਂ ਤੋਂ ਵਿਦਾ ਲਈ ਅਤੇ ਕਿਹਾ ਕਿ, "ਵਾਹਿਗੁਰੂ ਅਕਾਲ ਪੁਰਖ ਆਪ ਦੀ ਸਭ ਦੁੱਖਾਂ ਤਕਲੀਫ਼ਾਂ ਤੋਂ ਰੱਖਿਆ ਕਰੇ ।"

ਉਹ ਦਿੱਲੀ ਪਹੁੰਚੇ । ਬਾਦਸ਼ਾਹ ਜਹਾਂਗੀਰ ਨੂੰ ਮਿਲੇ । ਉਥੇ ਵਾਹਿਗੁਰੂ ਦੇ ਸੰਬੰਧ ਵਿਚ ਅਤੇ ਧਾਰਮਿਕ ਵਿਚਾਰਾਂ ਦੀ ਬਾਦਸ਼ਾਹ ਨਾਲ ਬੜੀ ਚਰਚਾ ਹੋਈ । ਬਾਦਸ਼ਾਹ ਨੂੰ ਇਉਂ ਪਤਾ ਲੱਗ ਗਿਆ ਕਿ ਗੁਰੂ ਜੀ ਕਿੰਨੇ ਵਿਦਵਾਨ ਅਤੇ ਭਲੇ-ਪੁਰਖ ਸਨ ।

ਇੱਕ ਦਿਨ ਬਾਦਸ਼ਾਹ ਅਤੇ ਗੁਰੂ ਜੀ ਸ਼ਿਕਾਰ ਖੇਡਣ ਗਏ । ਜੰਗਲ ਵਿਚ ਇੱਕ ਸ਼ੇਰ ਨੇ ਬਾਦਸ਼ਾਹ ਉੱਤੇ ਹਮਲਾ ਕਰ ਦਿੱਤਾ । ਪਰ ਗੁਰੂ ਜੀ ਨੇ ਤਲਵਾਰ ਦੇ ਇੱਕੋ ਵਾਰ ਨਾਲ ਸ਼ੇਰ ਨੂੰ ਪਾਰ ਬੁਲਾਇਆ ਅਤੇ

Sri Satguru Jagjit Singh Ji eLibrary NamdhariElibrary@gmail.com

ਬਾਦਸ਼ਾਹ ਦੀ ਜਾਨ ਬਚਾ ਲਈ ।

ਇਸ ਤੋਂ ਬਾਦਸ਼ਾਹ ਨੂੰ ਪਤਾ ਲੱਗ ਗਿਆ ਕਿ ਗੁਰੂ ਜੀ ਤਲਵਾਰ ਦੇ ਬਲੀ ਅਤੇ ਦਿਲ ਦੇ ਵੀ ਧਨੀ ਹਨ । ਇਸ ਮਗਰੋਂ ਬਾਦਸ਼ਾਹ ਜਿਥੇ ਕਿਤੇ ਗਿਆ, ਗੁਰੂ ਜੀ ਨੂੰ ਨਾਲ ਲੈ ਗਿਆ ।

ਸਾਰੇ ਜਣੇ ਗੁਰੂ ਜੀ ਦੀ ਬੜੀ ਇੱਜ਼ਤ ਕਰਦੇ ਸਨ । ਬਾਦਸ਼ਾਹ ਨੇ ਸੋਚਿਆ ਜੇ ਇਨ੍ਹਾਂ ਦਾ ਇਸੇ ਤਰ੍ਹਾਂ ਮਾਣ ਵੱਧਦਾ ਗਿਆ ਤਾਂ ਗੁਰੂ ਜੀ ਨਾਲ ਮੁਕਾਬਲਾ ਕਰਨਾ ਬੜਾ ਖ਼ਤਰਨਾਕ ਹੋ ਜਾਵੇਗਾ । ਰਾਜ ਨੂੰ ਨੁਕਸਾਨ ਤੋਂ ਬਚਾਉਣ ਲਈ ਕੁਝ ਕਰਨਾ ਚਾਹੀਦਾ ਹੈ । ਉਸ ਨੇ ਆਪਣੇ ਮੰਤਰੀਆਂ ਨਾਲ ਸਲਾਹ ਕੀਤੀ । ਉਨ੍ਹਾਂ ਨੇ ਇਹ ਸਲਾਹ ਦਿੱਤੀ ਕਿ ਗੁਰੂ ਜੀ ਨੂੰ ਕਿਲ੍ਹੇ ਵਿਚ ਬੰਦ ਕਰ ਦੇਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਉਨ੍ਹਾਂ ਦਾ ਦੀਦਾਰ ਨਾ ਹੋ ਸਕੇ ।

ਇਹ ਸਲਾਹ ਮੰਨ ਕੇ ਬਾਦਸ਼ਾਹ ਨੇ, ਗੁਰੂ ਜੀ ਨੂੰ ਇੱਕ ਸ਼ਾਹੀ ਕੈਦੀ ਦੇ ਤੌਰ ਤੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ ।

ਕਿਲ੍ਹੇ ਵਿਚ ਗੁਰੂ ਜੀ ਦਾ ਬੜਾ ਆਦਰ ਮਾਣ ਹੋਇਆ । ਰਾਜਾ ਹਰੀ ਦਾਸ ਅਤੇ ਹੋਰ ਰਾਜੇ, ਜਿਹੜੇ ਉਥੇ ਬੰਦੀ ਸਨ, ਉਹ ਬਹੁਤ ਖ਼ੁਸ਼ ਹੋਏ । ਉਨ੍ਹਾਂ ਸਾਰਿਆਂ ਨੂੰ ਭਰੋਸਾ ਸੀ ਕਿ ਗੁਰੂ ਜੀ ਜ਼ਰੂਰ ਹੀ ਉਨ੍ਹਾਂ ਦੀ ਬੰਦ-ਖ਼ਲਾਸੀ ਕਰਵਾਉਣਗੇ । ਉਹ ਇਹ ਵੀ ਜਾਣਦੇ ਸਨ ਕਿ ਗੁਰੂ ਜੀ ਦੇ ਆਉਣ ਨਾਲ, ਕਿਲ੍ਹੇ ਵਿਚ ਰਹਿਣਾ ਸੌਖਾ ਹੋ ਜਾਵੇਗਾ ।

ਉਨ੍ਹਾਂ ਦਾ ਖ਼ਿਆਲ ਬਿਲਕੁਲ ਠੀਕ ਸੀ । ਰਾਜਿਆਂ ਦੇ ਮੈਲੇ-ਕੁਚੈਲੇ ਕਪੜੇ, ਹੱਡੀਆਂ ਦੀ ਮੁੱਠ ਵਰਗੇ ਸਰੀਰ ਵੇਖਦਿਆਂ ਹੀ ਗੁਰੂ ਜੀ ਦਾ ਹਿਰਦਾ ਪਿਘਲ ਗਿਆ । ਉਨ੍ਹਾਂ ਨੇ ਸੂਬੇਦਾਰ ਨੂੰ, ਰਾਜਿਆਂ ਲਈ ਨਵੇਂ ਨਵੇਂ ਕਪੜੇ ਲਿਆਉਣ ਅਤੇ ਚੰਗਾ ਭੋਜਨ ਦੇਣ ਲਈ ਕਿਹਾ । ਇਸ ਗੱਲ ਉੱਤੇ ਅਮਲ ਕੀਤਾ ਗਿਆ । ਇਹ ਹੋ ਗਿਆ । ਇਉਂ ਜੇਲ੍ਹ ਦਾ ਵਾਤਾਵਰਣ ਨਰਕ ਤੋਂ ਸੁਰਗ ਵਿਚ ਬਦਲ ਗਿਆ ।

ਹੁਣ ਗੁਰੂ ਜੀ ਨੇ ਸੋਚਿਆ ਕਿ ਇਨ੍ਹਾਂ ਰਾਜਿਆਂ ਨੂੰ ਕਿਵੇਂ ਸੁਖੀ

Sri Satguru Jagjit Singh Ji eLibrary NamdhariElibrary@gmail.com

ਬਣਾਇਆ ਜਾ ਸਕਦਾ ਹੈ। ਉਹ ਆਪ ਕਈ ਕਈ ਦਿਨ ਵਰਤ ਰਖਦੇ। ਉਹ ਕੇਵਲ ਉਹ ਭੋਜਨ ਗ੍ਰਹਿਣ ਕਰਦੇ, ਜਿਹੜਾ ਆਪਣੀ ਕਮਾਈ ਦੇ ਪੈਸਿਆਂ ਨਾਲ ਖ਼ਰੀਦਿਆ ਗਿਆ ਸੀ। ਕਈ ਸਿੱਖ ਭਾਂਡੇ ਬਣਾਉਣ ਵਾਲੇ ਦੀ ਦੁਕਾਨ ਉੱਤੇ ਕੰਮ ਕਰਦੇ ਅਤੇ ਉਨ੍ਹਾਂ ਪੈਸਿਆਂ ਦਾ ਭੋਜਨ ਖ਼ਰੀਦ ਕੇ ਲਿਆਉਂਦੇ। ਇਹ ਭੋਜਨ ਗੁਰੂ ਜੀ ਖ਼ੁਸੀ ਖ਼ੁਸ਼ੀ ਖਾ ਲੈਂਦੇ।

ਬਾਦਸ਼ਾਹ ਨੇ ਸੋਚਿਆ ਸੀ ਕਿ ਬੰਦੀ ਬਣਾਉਣ ਨਾਲ, ਗੁਰੂ ਜੀ ਦੀ ਮਾਨਤਾ ਲੋਕਾਂ ਵਿਚ ਘੱਟ ਜਾਵੇਗੀ, ਪਰੰਤੂ ਨਤੀਜਾ ਬਿਲਕੁਲ ਉਲਟ ਹੋਇਆ। ਗੁਰੂ ਜੀ ਦਾ ਦੁੱਖ ਵੇਖ ਵੇਖ ਕੇ ਲੋਕਾਂ ਵਿਚ ਮਾਨਤਾ ਸਗੋਂ ਵਧਦੀ ਗਈ। ਬਹੁਤ ਸਿੱਖ ਗਵਾਲੀਅਰ ਦੇ ਕਿਲ੍ਹੇ ਵਿਚ ਆਉਂਦੇ, ਕਿਲ੍ਹੇ ਦੀਆਂ ਦੀਵਾਰਾਂ ਨੂੰ ਨਮਸਕਾਰ ਕਰਕੇ ਆਪਣੇ ਘਰਾਂ ਨੂੰ ਵਾਪਸ ਪਰਤ ਜਾਂਦੇ।

ਇਥੋਂ ਤਕ ਕਿ ਕਈ ਵੱਡੇ ਵੱਡੇ ਮੁਸਲਮਾਨਾਂ ਨੇ ਵੀ ਗੁਰੂ ਜੀ ਦੇ ਲਈ ਆਵਾਜ਼ ਉਠਾਈ। ਆਖ਼ਰ ਬਾਦਸ਼ਾਹ ਇਸ ਪਵਿੱਤਰ ਪੁਰਸ਼ ਨੂੰ ਜੋ ਬਿਨਾਂ ਕਿਸੇ ਕਾਰਣ ਤਸੀਹੇ ਝੱਲ ਰਿਹਾ ਸੀ, ਛੱਡਣ ਲਈ ਮਜਬੂਰ ਹੋ ਗਿਆ।

ਜਦੋਂ ਗੁਰੂ ਜੀ ਕਿਲ੍ਹੇ ਵਿਚੋਂ ਜਾਣ ਲੱਗੇ ਤਾਂ ਜਿਹੜੇ ਰਾਜੇ ਬੰਦੀ ਸਨ ਉਹ ਬਹੁਤ ਦੁੱਖੀ ਹੋਏ। ਇਸ ਲਈ ਗੁਰੂ ਜੀ ਨੇ ਕਿਹਾ ਕਿ ਜਿੰਨੀ ਦੇਰ ਤਕ ਬਾਕੀ ਰਾਜੇ ਵੀ ਨਹੀਂ ਛੱਡੇ ਜਾਂਦੇ ਅਸੀਂ ਵੀ ਨਹੀਂ ਜਾਵਾਂਗੇ।

ਬਾਦਸ਼ਾਹ ਨੂੰ ਯਕੀਨ ਦੁਆਇਆ ਗਿਆ ਕਿ ਰਾਜੇ ਸੁਤੰਤਰ ਹੋ ਕੇ ਬਾਦਸ਼ਾਹ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਣਗੇ। ਬਾਦਸ਼ਾਹ ਨੇ ਹੁਕਮ ਦਿੱਤਾ ਕਿ ਜਿੰਨੇ ਰਾਜੇ ਗੁਰੂ ਜੀ ਦੇ ਚੋਗੇ ਨੂੰ ਫੜ ਕੇ ਨਿਕਲ ਜਾਣ, ਉਹ ਸੁਤੰਤਰ ਹਨ। ਗੁਰੂ ਜੀ ਨੇ ਬਵੰਜਾ ਕਲੀਆਂ ਵਾਲਾ ਚੋਗਾ ਪਹਿਨਿਆ। ਹਰੇਕ ਰਾਜੇ ਨੇ ਇੱਕ ਇੱਕ ਕਲੀ ਦਾ ਲੜ ਫੜਿਆ, ਅਤੇ ਬਾਹਰ ਆ ਗਏ। ਸਾਰਿਆਂ ਨੇ ਕੈਦ ਦੇ ਅੰਦਰ ਅਤੇ ਬਾਹਰ, ਬਚਾਉਣ ਲਈ, ਗੁਰੂ ਜੀ ਦਾ ਵਾਰ ਵਾਰ ਧੰਨਵਾਦ ਕੀਤਾ।

Sri Satguru Jagjit Singh Ji eLibrary NamdhariElibrary@gmail.com

# ਗੁਰੂ ਹਰਿ ਰਾਇ ਅਤੇ ਉਨ੍ਹਾਂ ਦੇ ਸਿੱਖ

"ਅੰਮ੍ਰਿਤ ਵੇਲੇ ਉਠੋ। ਵਾਹਿਗੁਰੂ ਨਾਲ ਦਿਲੋਂ ਪ੍ਰੇਮ ਕਰੋ। ਸਦਾ ਦਾਨ ਦਿਓ। ਸਦਾ ਮਿੱਠਾ ਬੋਲੋ। ਨਿਮਰਤਾ ਸਹਿਤ ਗੱਲ-ਬਾਤ ਕਰੋ। ਲੋਕਾਂ ਦਾ ਭਲਾ ਕਰੋ। ਥੋੜ੍ਹਾ ਖਾਓ, ਥੋੜ੍ਹਾ ਸੌਂਵੋ। ਦਸਾਂ ਨੌਹਾਂ ਦੀ ਕਿਰਤ ਕਰਕੇ ਖਾਓ। ਦਿਨ-ਰਾਤ ਸੰਤਾਂ ਦੀ ਸੰਗਤ ਕਰੋ, ਅਤੇ ਉਨ੍ਹਾਂ ਨਾਲ ਰਲ ਕੇ ਗੁਰੂ ਉਸਤੱਤੀ ਕਰੋ।"

ਜਿਹੜਾ ਵਿਅਕਤੀ ਅਜਿਹੇ ਉੱਤਮ ਵਿਚਾਰ ਲਿਖੇ, ਉਸ ਨੂੰ ਆਪ ਕੀ ਕਹੋਗੇ ? ਸੱਚਮੁੱਚ ਆਪ ਉਸ ਨੂੰ ਪਵਿੱਤਰ ਅਤੇ ਨਿਮਰ, ਦਿਆਲੂ ਅਤੇ ਭਗਤ ਮਨੁੱਖ ਕਹੋਗੇ।

ਗੁਰੂ ਹਰਿ ਰਾਇ ਜੀ ਸੱਚਮੁੱਚ ਅਜਿਹੇ ਮਨੁੱਖ ਸਨ। ਉਹ ਆਪਣੀ ਸਾਦਗੀ ਲਈ ਪ੍ਰਸਿੱਧ ਸਨ। ਉਹ ਅਮੀਰਾਨਾ ਖਾਣਾ ਨਹੀਂ ਖਾਂਦੇ ਸਨ, ਸਗੋਂ ਬਿਲਕੁਲ ਸਾਦੀ ਰੋਟੀ ਖਾਂਦੇ ਸਨ। ਉਹ ਆਪਣੇ ਸੌਂਣ ਦੇ ਸਮੇਂ ਵਿਚੋਂ ਕੁਝ ਸਮਾਂ ਕਢ ਕੇ, ਈਸ਼ਵਰ ਅਰਾਧਨਾ ਕਰਦੇ ਸਨ।

ਉਹ ਅਮੀਰ ਅਤੇ ਗ਼ਰੀਬ ਵਿਚ ਭਿੰਨ-ਭੇਦ ਨਹੀਂ ਸਨ ਰਖਦੇ ਅਤੇ ਸਭਨਾਂ ਉੱਤੇ ਮਿਹਰ ਕਰਦੇ ਸਨ। ਜੋ ਕੁਝ ਸੰਗਤਾਂ ਭੇਟਾ ਕਰਦੀਆਂ, ਉਹ ਸਭ ਕੁਝ ਗ਼ਰੀਬਾਂ ਵਿਚ ਵੰਡ ਦਿੰਦੇ ਸਨ। ਉਨ੍ਹਾਂ ਨੇ ਸੰਗਤਾਂ ਨੂੰ ਗੁਰੂ ਦਾ ਲੰਗਰ ਖੋਲ੍ਹਣ ਲਈ ਕਿਹਾ ਤਾਂ ਕਿ ਆਏ ਗਏ ਅਜਨਬੀਆਂ ਨੂੰ ਭੋਜਨ ਪ੍ਰਾਪਤ ਹੋ ਸਕੇ।

ਉਹ ਇਤਨੇ ਨੇਕ ਸੁਭਾ ਦੇ ਸਨ ਕਿ ਉਹ ਆਪਣੇ ਦੁਸ਼ਮਣ ਨੂੰ ਵੀ ਖਿਮਾ ਕਰ ਦਿੰਦੇ ਸਨ। ਜਦੋਂ ਸ਼ਾਹਜਹਾਨ ਦਾ ਸਭ ਤੋਂ ਵੱਡਾ ਪੁੱਤਰ ਬੀਮਾਰ ਹੋਇਆ ਤਾਂ ਉਸ ਨੇ ਗੁਰੂ ਜੀ ਨੂੰ ਦੁਆਈ ਦੇਣ ਲਈ ਬੇਨਤੀ

Sri Satguru Jagjit Singh Ji eLibrary NamdhariElibrary@gmail.com

ਕੀਤੀ। ਗੁਰੂ ਜੀ ਨੇ ਇਕਦਮ ਇਹ ਭੁਲਾ ਦਿੱਤਾ ਕਿ ਸ਼ਾਹਜਹਾਨ ਕਦੀ ਉਨ੍ਹਾਂ ਦਾ ਦੁਸ਼ਮਣ ਵੀ ਰਿਹਾ ਸੀ, ਉਨ੍ਹਾਂ ਨੇ ਉਸ ਨੂੰ ਦੁਆਈ ਭੇਜੀ, ਜਿਸ ਨਾਲ ਸ਼ਾਹਜਹਾਨ ਦਾ ਬੇਟਾ ਰਾਜ਼ੀ ਹੋ ਗਿਆ।

ਗੁਰੂ ਜੀ ਕੇਵਲ ਮਨੁੱਖਾਂ ਉੱਤੇ ਹੀ ਮਿਹਰਬਾਨ ਨਹੀਂ ਸਨ, ਸਗੋਂ ਪਸ਼ੂ, ਪੰਛੀ ਅਤੇ ਫੁੱਲਾਂ ਉੱਤੇ ਵੀ ਦਯਾ-ਦ੍ਰਿਸ਼ਟੀ ਰਖਦੇ ਸਨ।

ਚਾਹੇ ਗੁਰੂ ਜੀ, ਸ਼ਿਕਾਰ ਦਾ ਸ਼ੌਂਕ ਰਖਦੇ ਸਨ, ਪਰ ਉਨ੍ਹਾਂ ਨੇ ਕਦੀ ਪਸ਼ੂਆਂ ਨੂੰ ਮਾਰਿਆ ਨਹੀਂ ਸੀ, ਸਗੋਂ ਉਨ੍ਹਾਂ ਨੂੰ ਪਾਲਦੇ ਸਨ। ਉਨ੍ਹਾਂ ਦੀ ਆਪਣੀ ਇੱਕ ਪ੍ਰਾਣਿਕ ਵਾੜੀ ਸੀ, ਜਿਥੇ ਉਹ, ਇਨ੍ਹਾਂ ਪਸ਼ੂਆਂ ਨੂੰ ਰਖਦੇ ਸਨ। ਸਿੱਖ ਸੰਗਤਾਂ ਇਸ ਵਾੜੀ ਵਿਚ ਜਾਂਦੀਆਂ ਅਤੇ ਪਸ਼ੂਆਂ ਦੀਆਂ ਚਾਲਾਂ ਵੇਖਦੀਆਂ।

ਉਨ੍ਹਾਂ ਨੂੰ ਹਿਰਨ ਵਿਸ਼ੇਸ਼ ਕਰ ਬਹੁਤ ਪਸੰਦ ਸੀ। ਪਰੰਤੂ ਉਹ ਹਿਰਨ ਨੂੰ ਉਸ ਦਾ ਮਾਸ ਖਾਣ ਲਈ ਨਹੀਂ ਪਕੜਦੇ ਸਨ, ਪਰੰਤੂ ਆਪਣੀ ਵਾੜੀ ਵਿਚ ਰਖਣ ਲਈ ਪਕੜਦੇ ਸਨ।

ਜਦੋਂ ਕਦੀ ਜ਼ਹਿਰੀ ਸੱਪ ਵੀ ਕਿਸੇ ਔਕੜ ਵਿਚ ਫਸੇ ਦਿਸਦੇ ਤਾਂ ਗੁਰੂ ਜੀ ਉਸ ਉੱਤੇ ਵੀ ਮਿਹਰ ਕਰਦੇ। ਇੱਕ ਵਾਰੀ ਜਦੋਂ ਉਹ ਸ਼ਿਕਾਰ ਖੇਡਣ ਗਏ ਹੋਏ ਸਨ ਤਾਂ ਉਨ੍ਹਾਂ ਨੇ ਇੱਕ ਜ਼ਖ਼ਮੀ ਸੱਪ ਵੇਖਿਆ, ਜਿਹੜਾ ਬਹੁਤ ਮੁਸ਼ਕਲ ਨਾਲ ਹਿਲ-ਜੁਲ ਸਕਦਾ ਸੀ। ਕਈ ਕੀੜੇ ਮਕੌੜੇ ਉਸ ਦੇ ਉੱਤੇ ਚੜ੍ਹੇ ਹੋਏ ਸਨ, ਅਤੇ ਉਹ ਹੋਰ ਵੀ ਤੜਪ ਰਿਹਾ ਸੀ। ਗੁਰੂ ਜੀ ਨੂੰ ਇਹ ਵੇਖ ਕੇ ਬੜਾ ਤਰਸ ਆਇਆ ਅਤੇ ਉਨ੍ਹਾਂ ਨੇ ਉਸ ਦਾ ਦੁੱਖ ਦੂਰ ਕਰ ਦਿੱਤਾ।

ਉਹ ਸਭ ਤੇ ਦਿਆਲੂ ਸਨ, ਮਨੁੱਖ ਹੋਣ ਜਾਂ ਪੰਛੀ ਜਾਂ ਫੁੱਲ ਹੋਣ। ਉਨ੍ਹਾਂ ਦੇ ਬਚਪਨ ਦੀ ਇੱਕ ਕਹਾਣੀ ਹੈ, ਜਿਹੜੀ ਬੜੀ ਸੁਆਦਲੀ ਹੈ।

ਗੁਰੂ ਜੀ ਨੂੰ ਫੁੱਲ ਬਹੁਤ ਪਸੰਦ ਸਨ। ਉਹ ਵਿਸ਼ੇਸ਼ ਕਰਕੇ ਗੁਲਾਬ ਨੂੰ ਪਸੰਦ ਕਰਦੇ ਸਨ। ਉਹ ਬਹੁਤ ਸਾਰਾ ਸਮਾਂ ਫੁਲਵਾੜੀ ਵਿਚ ਬਤੀਤ

Sri Satguru Jagjit Singh Ji eLibrary NamdhariElibrary@gmail.com

ਕਰਕੇ ਖ਼ੁਸ਼ ਹੁੰਦੇ ਸਨ। ਉਥੇ ਉਹ ਫੁੱਲਾਂ ਵੱਲ ਤੱਕਦੇ ਅਤੇ ਕਾਦਰ ਦੀ ਸਿਫ਼ਤ ਕਰਦੇ।

ਇੱਕ ਵਾਰੀ ਉਹ ਗੁਲਾਬ ਦੇ ਫੁੱਲਾਂ ਦੀ ਕਿਆਰੀ ਕੋਲੋਂ ਲੰਘ ਰਹੇ ਸਨ। ਚਾਰੇ ਪਾਸੇ ਗੁਲਾਬ ਹੀ ਗੁਲਾਬ ਖਿੜਿਆ ਹੋਇਆ ਸੀ। ਉਹ ਗੁਲਾਬ ਨੂੰ ਦੇਖ ਦੇਖ ਵਿਸਮਾਦ ਹੋ ਰਹੇ ਸਨ। ਉਹ, ਉਨ੍ਹਾਂ ਦੇ ਰੂਪ ਅਤੇ ਸੁਗੰਧੀ ਦੀ ਉਪਮਾ ਕਰਦੇ ਕਰਦੇ, ਕਾਦਰ ਦੀ ਸਿਫ਼ਤ ਕਰਨ ਲੱਗ ਪਏ, ਜਿਸ ਨੇ ਇਤਨੀਆਂ ਸੁੰਦਰ ਚੀਜ਼ਾਂ ਬਣਾਈਆਂ ਹਨ।

ਕਿਆਰੀਆਂ ਵਿਚ ਫਿਰਦਿਆਂ ਫਿਰਦਿਆਂ ਇੱਕ ਗੁਲਾਬ ਟਹਿਣੀ ਤੋਂ ਟੁੱਟ ਕੇ ਹੇਠਾਂ ਡਿਗ ਪਿਆ। ਆਪ ਸਮਝ ਗਏ ਹੋਵੋਗੇ ਕਿ ਉਨ੍ਹਾਂ ਨੇ ਫੁੱਲ ਨੂੰ ਟਹਿਣੀ ਤੋਂ ਨਹੀਂ ਤੋੜਿਆ ਸੀ। ਉਹ ਆਪੇ, ਅਚਾਨਕ ਟੁੱਟ ਕੇ ਡਿੱਗ ਪਿਆ ਸੀ। ਇਹ ਸਾਧਾਰਣ ਘਟਨਾ ਸੀ। ਆਪ ਵੀ ਇਹੋ ਕਹੋਗੇ ਅਤੇ ਸ਼ਾਇਦ ਪਹਿਲਾਂ ਗੁਰੂ ਸਾਹਿਬ ਨੇ ਵੀ ਇਸ ਗੱਲ ਉੱਤੇ ਖ਼ਾਸ ਧਿਆਨ ਨਾ ਦਿੱਤਾ ਹੋਵੇ, ਪਰ ਬਾਲਾ ਹਰਿ ਰਾਇ ਜੀ ਅਜਿਹੇ ਨਹੀਂ ਸਨ, ਜਿਹੜੇ ਖੇਡਣ ਦੀ ਖ਼ਾਤਰ ਫੁੱਲਾਂ ਨੂੰ ਟਹਿਣੀਆਂ ਤੋਂ ਤੋੜਦੇ, ਜਾਂ ਰੁੱਖ ਪੁਟ ਸੁਟਦੇ ਜਾਂ ਪਸ਼ੂ ਪੰਛੀਆਂ ਨੂੰ ਮਾਰਦੇ।

ਉਹ ਰੁਦਨ ਕਰਨ ਲੱਗੇ ਅਤੇ ਪਛਤਾਉਣ ਲੱਗੇ ਕਿ ਫੁੱਲ ਟਹਿਣੀ ਤੋਂ ਟੁਟ ਗਿਆ ਹੈ। ਉਨ੍ਹਾਂ ਨੂੰ ਇੰਝ ਦਰਦ ਪ੍ਰਤੀਤ ਹੋਇਆ ਜਿਵੇਂ ਆਪਣਾ ਕੋਈ ਅੰਗ-ਸਾਕ ਜ਼ਖ਼ਮੀ ਹੋ ਜਾਵੇ।

ਹੁਣ ਕੀ ਕੀਤਾ ਜਾ ਸਕਦਾ ਸੀ ? ਉਨ੍ਹਾਂ ਨੇ ਪ੍ਰਤਿਗਿਆ ਕੀਤੀ ਕਿ ਅੱਜ ਤੋਂ ਲੱਗ ਕੇ, ਉਨ੍ਹਾਂ ਦੀ ਬੇਪ੍ਰਵਾਹੀ ਦੇ ਕਾਰਣ ਕੋਈ ਫੁੱਲ ਟਹਿਣੀ ਤੋਂ ਨਹੀਂ ਟੁਟੇਗਾ।

ਉਨ੍ਹਾਂ ਨੇ ਅੱਖਾਂ ਤੋਂ ਅੱਥਰੂ ਪੂੰਝੇ। ਉਨ੍ਹਾਂ ਨੇ ਆਪਣੇ ਜਾਮੇ ਨੂੰ ਹੱਥਾਂ ਨਾਲ ਸਮੇਟ ਲਿਆ ਤਾਂ ਕਿ ਕਿਸੇ ਫੁੱਲ ਦੇ ਟੁੱਟਣ ਦਾ ਡਰ ਨਾ ਰਹੇ। ਇਸ ਮਗਰੋਂ ਉਹ ਸਦਾ ਜਾਮੇ ਨੂੰ ਸਮੇਟ ਕੇ ਕਿਆਰੀਆਂ ਵਿਚ ਫਿਰਦੇ ਤੁਰਦੇ।

Sri Satguru Jagjit Singh Ji eLibrary NamdhariElibrary@gmail.com

# ਗੁਰੂ ਤੇਗ਼ ਬਹਾਦਰ ਜੀ ਅਤੇ ਧੀਰ ਮੱਲ

ਇਕ ਕਵੀ ਨੇ, ਆਚਰਣ ਦੇ ਤਿੰਨ ਅਸੂਲ ਦੱਸੇ ਹਨ-ਲੋਹ ਅਸੂਲ, ਰੁਪਹਿਰੀ ਅਸੂਲ ਅਤੇ ਸੁਨਹਿਰੀ ਅਸੂਲ। ਜਿਹੜੇ ਲੋਹ ਅਸੂਲ ਤੇ ਚਲਣ ਵਾਲੇ ਹਨ, ਸਦਾ ਭਲਾਈ ਦਾ ਬਦਲਾ ਬੁਰਾਈ ਵਿਚ ਦਿੰਦੇ ਹਨ। ਰੁਪਹਿਰੀ ਅਸੂਲ ਉੱਤੇ ਚੱਲਣ ਵਾਲੇ ਭਲਾਈ ਕਰਨ ਵਾਲੇ ਨਾਲ ਭਲਾਈ ਹੀ ਕਰਦੇ ਹਨ। ਸੁਨਹਿਰੀ ਅਸੂਲ ਹੀ ਸਭ ਤੋਂ ਉੱਤਮ ਅਸੂਲ ਹੈ। ਸੁਨਹਿਰੀ ਅਸੂਲ ਇਹ ਹੈ ਕਿ ਜਿਹੜਾ ਤੁਹਾਡੇ ਨਾਲ ਬੁਰਾਈ ਵੀ ਕਰੇ ਉਸ ਨਾਲ ਵੀ ਭਲਾ ਵਰਤਾਓ ਕਰੋ ਅਰਥਾਤ, ਦੁਸ਼ਮਣ ਦਾ ਵੀ ਭਲਾ ਕਰਨ ਲਈ ਤਿਆਰ ਰਹੋ।

ਇਸ ਕਥਾ ਵਿਚ ਆਪ ਨੂੰ ਇਹ ਦੱਸਿਆ ਜਾਵੇਗਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਕਿਵੇਂ ਇਸ ਸੁਨਹਿਰੀ ਅਸੂਲ ਉੱਤੇ ਚਲਦੇ ਰਹੇ। ਉਨ੍ਹਾਂ ਨੇ ਕਬਜ਼ੇ ਵਿਚ ਆਏ ਹੋਏ ਸ਼ਤਰੂ ਨੂੰ ਖਿਮਾ ਕਰਕੇ, ਇਸ ਸੁਨਹਿਰੀ ਅਸੂਲ ਦੀ ਪਾਲਣਾ ਕੀਤੀ।

ਗੁਰੂ ਹਰਿਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਉਨ੍ਹਾਂ ਦੇ ਸਪੁੱਤਰ, ਤੇਗ਼ ਬਹਾਦਰ, ਬਾਬੇ ਬਕਾਲੇ ਜਾ ਕੇ ਰਹਿਣ ਲੱਗ ਪਏ। ਉਨ੍ਹਾਂ ਦੇ ਮਾਤਾ ਜੀ ਅਤੇ ਧਰਮ ਪਤਨੀ ਉਨ੍ਹਾਂ ਦੇ ਨਾਲ ਸਨ। ਗੁਰੂ ਹਰਿ ਕ੍ਰਿਸ਼ਨ ਜੀ ਨੇ ਜੋਤੀ ਜੋਤ ਸਮਾਉਣ ਵੇਲੇ ਕਿਹਾ ਕਿ ਗੁਰਗੱਦੀ ਦੇ ਮਾਲਕ ਬਾਬੇ ਬਕਾਲੇ ਹਨ।

ਇਸ ਗੱਲ ਨਾਲ ਗੁਰੂ ਜੀ ਦੇ ਸੰਬੰਧੀਆਂ ਵਿਚ ਗੁਰ-ਗੱਦੀ ਲੈਣ ਦੀ ਆਸ ਪੈਦਾ ਹੋ ਗਈ। ਗੁਰੂ ਹਰਿ ਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ, ਬਹੁਤ ਸਾਰੇ ਸੰਬੰਧੀਆਂ ਨੇ ਆਪਣੇ ਆਪ ਨੂੰ ਗੁਰੂ

Sri Satguru Jagjit Singh Ji eLibrary NamdhariElibrary@gmail.com

ਘੋਸ਼ਿਤ ਕਰ ਦਿੱਤਾ ।

ਇਸ ਨਾਲ ਸਿੱਖਾਂ ਨੂੰ ਬਹੁਤ ਦੁਖ ਹੋਇਆ । ਸਾਡਾ ਅਸਲੀ ਗੁਰੂ ਕੌਣ ਹੈ ? ਅਸੀਂ ਕਿਸ ਅੱਗੇ ਭੇਟਾ ਚੜ੍ਹਾਈਏ । ਸਾਨੂੰ ਸੱਚਾ ਮਾਰਗ ਕੌਣ ਦੱਸੇਗਾ ? ਸਾਨੂੰ ਨੇਕੀ ਦੇ ਰਾਹ ਤੇ ਚੱਲਣ ਦੀ ਪ੍ਰੇਰਣਾ ਕੌਣ ਦੇਵੇਗਾ ? ਅਜਿਹੇ ਬਹੁਤ ਸਾਰੇ ਸੁਆਲ ਉਨ੍ਹਾਂ ਦੇ ਸਾਹਮਣੇ ਸਨ ।

ਇੱਕ ਵਾਰੀ ਗੁਜਰਾਤ (ਦੱਖਣ) ਤੋਂ ਇੱਕ ਸਿੱਖ ਆਇਆ, ਉਸ ਦੇ ਕੋਲ 500 ਸੋਨੇ ਦੀਆਂ ਮੋਹਰਾਂ ਸਨ । ਉਸ ਨੇ ਇਹ ਮੋਹਰਾਂ ਗੁਰੂ ਜੀ ਦੀ ਭੇਟਾ ਕਰਨ ਲਈ ਲਿਆਂਦੀਆਂ ਸਨ । ਜਦੋਂ ਉਸ ਦਾ ਜਹਾਜ਼ ਡੁੱਬਣ ਲੱਗਾ ਸੀ ਤਾਂ ਉਸ ਨੇ ਸੁੱਖਣਾ ਸੁਖੀ ਸੀ । ਉਸ ਦਾ ਜਹਾਜ਼ ਅਮਨ ਅਮਾਨ ਨਾਲ ਕਿਨਾਰੇ ਲੱਗ ਗਿਆ ਸੀ । ਉਹ ਸੁੱਖਣਾ ਲਾਹੁਣ ਲਈ ਬਾਬੇ ਬਕਾਲੇ ਆਇਆ ਸੀ ।

ਜਦੋਂ ਬਕਾਲੇ ਪਹੁੰਚ ਕੇ ਉਸ ਨੇ ਕਈ ਗੁਰੂਆਂ ਦੀਆਂ ਗੱਦੀਆਂ ਵੇਖੀਆਂ ਤਾਂ ਉਹ ਬਹੁਤ ਹੈਰਾਨ ਹੋਇਆ । ਉਸ ਨੂੰ ਇਹ ਨਾ ਪਤਾ ਲੱਗੇ ਕਿ ਉਹ ਕਿਸ ਦੇ ਅੱਗੇ ਮੋਹਰਾਂ ਭੇਟਾ ਕਰੇ । ਆਖ਼ਰ ਉਹਨੂੰ ਇੱਕ ਤਜਵੀਜ਼ ਸੁਝੀ । ਉਹ ਹਰ ਇੱਕ ਗੁਰੂ ਕੋਲ ਗਿਆ ਅਤੇ ਹਰ ਇੱਕ ਨੂੰ ਦੋ ਦੋ ਮੋਹਰਾਂ ਭੇਟਾਂ ਕੀਤੀਆਂ । ਹਰ ਇੱਕ ਨੇ ਮੋਹਰਾਂ ਲੈ ਲਈਆਂ ਅਤੇ ਉਸ ਨੂੰ ਅਸੀਸਾਂ ਦਿੱਤੀਆਂ । ਹਰ ਇੱਕ ਗੁਰੂ ਨੇ ਆਪਣੇ ਆਪ ਨੂੰ ਅਸਲੀ ਅਤੇ ਦੂਸਰੇ ਨੂੰ ਨਕਲੀ ਗੁਰੂ ਕਰਾਰ ਦਿੱਤਾ ।

ਇਸ ਤੋਂ ਉਸ ਸਿੱਖ ਨੇ ਸੋਚਿਆ ਕਿ ਇਹ ਸਾਰੇ ਨਕਲੀ ਅਤੇ ਪਾਖੰਡੀ ਗੁਰੂ ਹਨ । ਉਸ ਨੂੰ ਅਸਲੀ ਗੁਰੂ ਦੀ ਖੋਜ ਕਰਨੀ ਚਾਹੀਦੀ ਹੈ।

ਆਖਿਰ, ਉਸ ਨੇ ਗੁਰੂ ਤੇਗ਼ ਬਹਾਂਦਰ ਜ਼ੀ ਨੂੰ ਅਸਲੀ ਗੁਰੂ ਦੇ ਰੂਪ ਵਿਚ ਲੱਭ ਲਿਆ । ਜਿਉਂ ਹੀ ਉਹ ਗੁਰੂ ਤੇਗ਼ ਬਹਾਦਰ ਜੀ ਕੋਲ ਦੋ ਮੋਹਰਾਂ ਲੈ ਕੇ ਗਿਆ ਤਾਂ ਗੁਰੂ ਜ਼ੀ ਨੇ ਕਿਹਾ, "ਬਾਕੀ ਦੀਆਂ ਮੋਹਰਾਂ ਕਿੱਥੇ ਹਨ ? ਤੂੰ ਤਾਂ 500 ਮੋਹਰਾਂ ਸੁੱਖੀਆਂ ਸਨ ।"

ਇਹ ਸੁਣ ਕੇ ਉਹ ਸਿੱਖ ਗੁਰੂ ਜੀ ਦੇ ਚਰਨੀਂ ਢਹਿ ਪਿਆ ਅਤੇ

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਨੂੰ ਅਸਲੀ ਗੁਰੂ ਮੰਨਿਆ। ਉਹ ਕੋਠੇ ਉੱਤੇ ਚੜ੍ਹ ਕੇ ਉੱਚੀ ਉੱਚੀ ਕਹਿਣ ਲੱਗਾ, "ਗੁਰੂ ਲਾਧੋ ਰੇ, ਗੁਰੂ ਲਾਧੋ ਰੇ।" ਇਹ ਸੁਣ ਕੇ ਕਈ ਸਿੱਖ ਆਏ ਅਤੇ ਉਨ੍ਹਾਂ ਨੇ ਗੁਰੂ ਜੀ ਨੂੰ ਤਖ਼ਤ ਉੱਤੇ ਬਿਠਾ ਦਿੱਤਾ।

ਇਸ ਮਗਰੋਂ ਗੁਰੂ ਤੇਗ਼ ਬਹਾਦਰ ਜੀ ਨੇ ਸਿੱਖਾਂ ਦੀ ਵਾਗ ਡੋਰ ਸੰਭਾਲੀ ਅਤੇ ਧਾਰਮਿਕ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ।

ਇਹ ਵੇਖ ਕੇ ਗੁਰੂ ਜੀ ਦਾ ਨੇੜੇ ਦਾ ਰਿਸ਼ਤੇਦਾਰ ਧੀਰ ਮੱਲ ਜਿਸ ਦੀ ਗੁਰਿਆਈ ਦੇ ਦਾਅਵੇ ਨੂੰ ਧੱਕਾ ਲੱਗਾ ਸੀ, ਗੁਰੂ ਜੀ ਦਾ ਜਾਨੀ ਦੁਸ਼ਮਣ ਬਣ ਗਿਆ। ਉਸ ਨੇ ਗੁਰੂ ਜੀ ਨੂੰ ਜਾਨੋਂ ਮਾਰਣ ਲਈ ਕਈ ਗੋਂਦਾਂ ਗੁੰਦੀਆਂ। ਉਨ੍ਹਾਂ ਨੇ ਗੁਰੂ ਜੀ ਉੱਤੇ ਬੜੀਆਂ ਗੋਲੀਆਂ ਵਰ-ਸਾਈਆਂ, ਜਿਨ੍ਹਾਂ ਵਿਚ ਕਈ ਗੁਰੂ ਜੀ ਨੂੰ ਲੱਗੀਆਂ। ਪਰ ਗੁਰੂ ਜੀ ਬਚ ਗਏ। ਜਦੋਂ ਗੁਰੂ ਜੀ ਬੀਮਾਰ ਪਏ ਹੋਏ ਸਨ ਤਾਂ ਗੁਰੂ ਜੀ ਦਾ ਵੈਰੀ ਉਨ੍ਹਾਂ ਦੀਆਂ ਬਹੁਤ ਸਾਰੀਆਂ ਚੀਜ਼ਾਂ ਅਤੇ ਧਨ ਚੁੱਕ ਕੇ ਲੈ ਗਿਆ। ਗੁਰੂ ਜੀ ਨੂੰ ਇਹ ਸੁਣ ਕੇ ਕੋਈ ਦੁਖ ਨਾ ਹੋਇਆ। ਗੁਰੂ ਜੀ ਸੱਚ-ਮੁੱਚ ਉਨ੍ਹਾਂ ਵਿਅਕਤੀਆਂ ਵਿਚੋਂ ਸਨ ਜਿਹੜੇ ਹਰਖ ਸੋਗ ਅਤੇ ਦੁੱਖ ਸੁੱਖ ਨੂੰ ਸਮਾਨ ਸਮਝਦੇ ਸਨ।

ਚਾਹੇ ਗੁਰੂ ਜੀ ਨੇ ਧੀਰ ਮੱਲ ਨੂੰ ਸਜ਼ਾ ਦੇਣ ਦਾ ਕੋਈ ਵਿਚਾਰ ਨਹੀਂ ਕੀਤਾ ਸੀ ਪਰ ਸਿੱਖਾਂ ਨੇ ਮਨ ਬਣਾ ਲਿਆ ਸੀ ਕਿ ਇਸ ਕੁਪੱਤੇ ਆਦਮੀ ਤੋਂ ਛੁਟਕਾਰਾ ਪਾ ਹੀ ਲਿਆ ਜਾਵੇ। ਸਿੱਖ ਇਕੱਠੇ ਹੋ ਕੇ ਧੀਰ ਮੱਲ ਦੇ ਘਰ ਗਏ। ਦਰਵਾਜ਼ੇ ਬੰਦ ਵੇਖ ਕੇ, ਉਹ ਮੱਲੋ-ਮੱਲੀ ਉਹਦੇ ਘਰ ਵੜ ਗਏ। ਉਨ੍ਹਾਂ ਨੇ ਧੀਰ ਮੱਲ ਦੇ ਮਸੰਦ ਨੂੰ, ਜਿਸ ਨੇ ਗੁਰੂ ਜੀ ਨੂੰ ਜਾਨੋਂ ਮਾਰਨਾ ਸੀ, ਫੜ ਲਿਆ। ਉਨ੍ਹਾਂ ਨੇ ਉਸ ਦੇ ਹੱਥ ਪਿਛੇ ਕਰ ਕੇ ਬੰਨ੍ਹ ਦਿੱਤੇ ਅਤੇ ਉਸ ਨੂੰ ਗੁਰੂ ਜੀ ਕੋਲ ਲੈ ਆਏ। ਜਿਹੜੀਆਂ ਵਸਤਾਂ ਧੀਰ ਮੱਲ ਚੁੱਕ ਕੇ ਲੈ ਗਿਆ ਸੀ, ਉਹ ਵੀ ਚੁੱਕ ਲਿਆਏ। ਇਸ ਤੋਂ ਇਲਾਵਾ ਉਹ ਧੀਰ ਮੱਲ ਦਾ ਨਿਜੀ ਮਾਲ ਅਸਬਾਬ ਵੀ ਲੈ ਆਏ।

Sri Satguru Jagjit Singh Ji eLibrary NamdhariElibrary@gmail.com

ਜਦੋਂ ਗੁਰੂ ਜੀ ਨੇ ਮਸੰਦ ਵੰਨੇ ਤੱਕਿਆ ਤਾਂ ਧੀਰ ਮੱਲ ਅਤੇ ਉਸ ਦੇ ਸਾਥੀਆਂ ਨੇ ਸ਼ਰਮ ਨਾਲ ਸਿਰ ਨੀਵੇਂ ਕਰ ਲਏ। ਅੱਖਾਂ ਵਿਚ ਅਥਰੂ ਭਰਕੇ ਬੜੇ ਨਿੰਮੋਝੂਣੇ ਹੋ ਕੇ ਉਹ ਗੁਰੂ ਜੀ ਤੋਂ ਖਿਮਾ ਮੰਗਣ ਲੱਗੇ। "ਗੁਰੂ ਜੀ! ਸਾਥੋਂ ਭੁੱਲ ਹੋ ਗਈ ਹੈ, ਸਾਨੂੰ ਖਿਮਾ ਬਖਸ਼ੋ। ਆਪ ਸਾਡੇ ਪਿਤਾ ਦੇ ਸਮਾਨ ਹੋ। ਭਾਵੇਂ ਅਸੀਂ ਕਪੁਤਰਾਂ ਵਰਗਾ ਕੰਮ ਕੀਤਾ ਹੈ ਫਿਰ ਵੀ ਸਾਡੇ ਉੱਤੇ ਦਯਾ ਕਰੋ।"

ਜਦੋਂ ਗੁਰੂ ਜੀ ਨੇ ਉਨ੍ਹਾਂ ਦੇ ਸਿਰ ਨੀਵੇਂ ਪਏ ਹੋਏ ਵੇਖੇ, ਉਨ੍ਹਾਂ ਨੇ ਖਿਮਾ ਕਰ ਦਿੱਤਾ। ਗੁਰੂ ਜੀ ਨੇ ਉਨ੍ਹਾਂ ਦਾ ਧਨ ਮਾਲ ਵਾਪਸ ਪਰਤਾ ਦਿੱਤਾ।

ਜਦੋਂ ਸਿੱਖਾਂ ਨੇ ਕਿਹਾ ਕਿ ਸੱਪ ਨੂੰ ਮਾਰਨਾ ਹੀ ਠੀਕ ਹੈ ਤਾਂ ਗੁਰੂ ਜੀ ਨੇ ਕਿਹਾ, "ਖਿਮਾ ਕਰਨਾ, ਇਕ ਉੱਤਮ ਗੁਣ ਹੈ। ਧਾਰਮਿਕ ਅਸਥਾਨਾਂ ਦੀ ਯਾਤਰਾ ਨਾਲੋਂ, ਦੁਸ਼ਮਣ ਨੂੰ ਖਿਮਾ ਕਰ ਦੇਣਾ ਚੰਗੇਰਾ ਹੈ। ਇਸ ਲਈ ਹੇ ਸਿੱਖੋ! ਸਦਾ ਖਿਮਾ ਕਰਨ ਦੇ ਗੁਣ ਧਾਰਨ ਕਰੋ।"

Sri Satguru Jagjit Singh Ji eLibrary NamdhariElibrary@gmail.com

# ਭਾਈ ਕਨ੍ਹਈਆ ਜੀ

ਬਹੁਤ ਚਿਰ ਤੱਕ ਸਿੱਖ ਗੁਰੂ ਸਾਹਿਬਾਨ ਸ਼ਾਂਤਮਈ ਜੀਵਨ ਬਤੀਤ ਕਰਦੇ ਰਹੇ। ਗੁਰਬਾਣੀ ਰਾਹੀਂ ਅਕਾਲ ਪੁਰਖ ਦੀ ਉਸਤੱਤੀ ਦੇ ਸ਼ਬਦ ਗਾਇਨ ਕਰਨੇ ਅਤੇ ਸੰਗਤਾਂ ਦੀ ਸੇਵਾ ਕਰਨੀ, ਇਹੀ ਉਨ੍ਹਾਂ ਦੀ ਨਿਤ-ਕ੍ਰਿਆ ਸੀ। ਅਤਿਥੀਆਂ ਨੂੰ ਭੋਜਨ ਖੁਆਉਣਾ, ਸਿੱਖ ਸੰਗਤਾਂ ਨੂੰ ਉਪਦੇਸ਼ ਦੇਣਾ ਅਤੇ ਈਸ਼ਵਰ ਦੀ ਅਰਾਧਨਾ ਕਰਨੀ ਇਹ ਉਨ੍ਹਾਂ ਦੇ ਜੀਵਨ ਦੇ ਸਭ ਤੋਂ ਵੱਧ ਖ਼ੁਸ਼ੀ ਦੇਣ ਵਾਲੇ ਸਾਧਨ ਸਨ। ਉਨ੍ਹਾਂ ਲਈ ਭਗਤੀ ਕਰਨੀ ਸਭ ਤੋਂ ਉੱਤਮ ਕਰਮ ਸੀ।

ਪਰੰਤੂ ਇੱਕ ਸਮਾਂ ਅਜਿਹਾ ਆਇਆ, ਜਦੋਂ ਇਨ੍ਹਾਂ ਮਹਾਂਪੁਰਖਾਂ ਨੂੰ ਲੜਨਾ ਵੀ ਪਿਆ। ਸਿੱਖ, ਅਜੇ ਵੀ ਸ਼ਬਦ-ਕੀਰਤਨ ਅਤੇ ਸੇਵਾ ਕਰਨ ਵਿਚ ਖ਼ੁਸ਼ੀ ਪ੍ਰਾਪਤ ਕਰਦੇ ਸਨ ਪਰੰਤੂ ਸੇਵਾ ਲਈ ਕਈ ਵਾਰੀ, ਮੈਦਾਨੇ-ਜੰਗ ਵਿਚ ਸ਼ਹੀਦੀ ਵੀ ਪ੍ਰਾਪਤ ਕਰਨੀ ਹੁੰਦੀ ਸੀ। ਇਹ ਸਾਰਾ ਕੁਝ ਕਿਵੇਂ ਹੋਇਆ ? ਇਹ ਸੰਤ-ਸਿਪਾਹੀ ਕਿਵੇਂ ਬਣ ਗਏ।

ਦਿੱਲੀ ਦੇ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ ਨੂੰ ਬਹੁਤ ਤਸੀਹੇ ਦਿੱਤੇ, ਅੰਤ ਉਨ੍ਹਾਂ ਨੂੰ ਸ਼ਹੀਦ ਕੀਤਾ। ਗੁਰੂ ਤੇਗ਼ ਬਹਾਦਰ ਜੀ ਨੂੰ, ਸਮੇਂ ਦੀ ਹਕੂਮਤ ਨੇ ਬਹੁਤ ਤਕਲੀਫ਼ਾਂ ਦਿੱਤੀਆਂ ਅਤੇ ਉਨ੍ਹਾਂ ਨੇ ਧਰਮ ਦੀ ਖ਼ਾਤਰ ਆਪਣਾ ਸੀਸ ਦੇ ਦਿੱਤਾ। ਇਨ੍ਹਾਂ ਸਾਰੀਆਂ ਘਟਨਾਵਾਂ ਦਾ ਇਹ ਅਸਰ ਹੋਇਆ ਕਿ ਸਿੱਖਾਂ ਨੇ ਸੋਚਿਆ ਕਿ ਜੇ ਉਹ ਜੀਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਜ਼ਰੂਰ ਜੰਗਜੂ ਬਣਨਾ ਪਵੇਗਾ। ਗੁਰੂ ਹਰਿਗੋਬਿੰਦ ਜੀ ਦੇ ਸਮੇਂ ਸਿੱਖਾਂ ਨੇ ਤਲਵਾਰ ਚਲਾਉਣੀ, ਤੀਰ-ਅੰਦਾਜ਼ੀ, ਜੰਗ ਵਿਚ ਜਾ ਕੇ ਦੁਸ਼ਮਣ ਨਾਲ ਲੜਨਾ ਸਿਖ ਲਿਆ ਸੀ।

Sri Satguru Jagjit Singh Ji eLibrary NamdhariElibrary@gmail.com

ਉਸ ਉਪਰੰਤ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੀ ਰੱਖਿਆ ਲਈ ਸਿੱਖਾਂ ਦੀ ਕਮਾਨ ਆਪਣੇ ਹੱਥਾਂ ਵਿਚ ਲਈ । ਉਹ ਇੱਕ ਅਨੋਖੇ ਵਿਅਕਤੀ ਸਨ । ਉਹ ਬਹਾਦਰੀ ਅਤੇ ਪਵਿੱਤਰਤਾ ਲਈ ਪ੍ਰਸਿੱਧ ਸਨ । ਉਹ ਬੜੇ ਬਲਵਾਨ ਅਤੇ ਸੁੰਦਰ ਸਨ । ਉਹ ਨੀਲੇ ਘੋੜੇ ਉੱਤੇ ਸੁਨਹਿਰੀ ਕਾਠੀ ਪਾ ਕੇ ਚੜ੍ਹਦੇ ਹੁੰਦੇ ਸਨ । ਉਨ੍ਹਾਂ ਦੀ ਦਸਤਾਰ ਉੱਤੇ ਹੀਰਿਆਂ ਜੜੀ ਕਲਗੀ ਲੱਗੀ ਹੁੰਦੀ ਸੀ । ਉਹ ਹਰੇ ਰੰਗ ਦੀ ਕਮਾਨ ਸਜਾਈ ਰਖਦੇ ਸਨ । ਉਨ੍ਹਾਂ ਦੀ ਕਮਰ ਦੀ ਪੇਟੀ ਨਾਲ ਸਦਾ ਤੇਜ਼ ਧਾਰ ਦੀ ਤਲਵਾਰ ਲਟਕੀ ਰਹਿੰਦੀ ਸੀ । ਉਨ੍ਹਾਂ ਦੇ ਹੱਥ ਉੱਤੇ ਇਕ ਖ਼ੂਨਖਾਰ ਬਾਜ਼ ਬੈਠਾ ਹੁੰਦਾ ਸੀ ।

ਜਿਹੜਾ ਵੀ ਗੁਰੂ ਜੀ ਦੇ ਦਰਸ਼ਨ ਕਰਦਾ ਸੀ, ਉਹ ਗੁਰੂ ਜੀ ਵਾਂਗੂ ਬਹਾਦਰ ਅਤੇ ਪਵਿੱਤਰ ਬਣਨਾ ਚਾਹੁੰਦਾ ਸੀ । ਇਸ ਦਾ ਨਤੀਜਾ ਇਹ ਨਿਕਲਿਆ ਕਿ ਚਾਰੇ ਪਾਸਿਆਂ ਤੋਂ ਸਿੱਖ ਉਨ੍ਹਾਂ ਲਈ ਜਾਨ ਦੇਣ ਨੂੰ ਤਿਆਰ ਹੋ ਕੇ ਆਉਂਦੇ ।

ਇਹ ਸਿੱਖ ਆਮ ਸਿਪਾਹੀਆਂ ਵਾਂਗੂ ਨਹੀਂ ਹੁੰਦੇ ਸਨ । ਇਹ ਜ਼ਾਲਮ ਨਹੀਂ ਸਨ, ਨਾ ਹੀ ਕਿਸੇ ਦੀ ਜਾਨ ਲੈਣ ਲਈ ਉਨ੍ਹਾਂ ਨੂੰ ਖ਼ੁਸ਼ੀ ਹੁੰਦੀ ਸੀ । ਜੇ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਜੰਗਾਂ ਦਾ ਹਾਲ ਪੜ੍ਹੀਏ ਤਾਂ ਸਾਨੂੰ ਬਹਾਦਰੀ ਅਤੇ ਦਰਿਆ ਦਿਲੀ ਦੇ ਕਈ ਕਾਰਨਾਮੇ ਮਿਲਣਗੇ । ਉਨ੍ਹਾਂ ਵਿਚੋਂ ਇਕ ਕਾਰਨਾਮੇ ਦਾ ਹਾਲ ਅਸੀਂ ਇਥੇ ਦਸਾਂਗੇ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ, ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਦੁਸ਼ਮਣਾਂ ਨੇ ਚਾਰੇ ਪਾਸਿਓਂ ਘੇਰਾ ਪਾ ਲਿਆ ਸੀ । ਦੁਸ਼ਮਣਾਂ ਨੇ ਇਨ੍ਹਾਂ ਨੂੰ ਕਿਲ੍ਹੇ ਵਿਚੋਂ ਕੱਢਣ ਦੀ ਠਾਣ ਲਈ । ਪਰੰਤੂ ਗੁਰੂ ਜੀ ਡੱਟ ਕੇ ਬਹਾਦਰੀ ਨਾਲ ਲੜੇ । ਦੁਸ਼ਮਣਾਂ ਨੂੰ ਸਮਝ ਆ ਗਈ ਕਿ ਗੁਰੂ ਜੀ ਨੂੰ ਕਿਲ੍ਹੇ ਵਿਚੋਂ ਕੱਢਣਾ ਸੌਖਾ ਨਹੀਂ । ਜੰਗ ਦੇ ਸਮੇਂ, ਇਕ ਸਿੱਖ, ਯੁੱਧ-ਭੂਮੀ ਵਿਚ ਇੱਧਰ-ਉੱਧਰ ਫਿਰਦਾ ਦਿਖਾਈ ਦਿੱਤਾ । ਉਸ ਦਾ ਨਾਮ ਭਾਈ ਕਨ੍ਹਈਆ ਸੀ । ਉਹ ਫ਼ੌਜੀ ਸਿਪਾਹੀ ਨਹੀਂ ਸੀ ਪਰ ਫਿਰ ਵੀ

Sri Satguru Jagjit Singh Ji eLibrary NamdhariElibrary@gmail.com

ਉਹ ਗੁਰੂ ਜੀ ਦੀ ਸੇਵਾ ਕਰਨੀ ਚਾਹੁੰਦਾ ਸੀ। ਉਸ ਨੇ ਸੋਚਿਆ ਕਿ "ਮੈਂ ਯੁੱਧ ਭੂਮੀ ਵਿਚ ਫਟੜ ਸਿਪਾਹੀਆਂ ਨੂੰ ਪਾਣੀ ਪਿਆਵਾਂਗਾ। ਇਉਂ ਮੈਂ ਗੁਰੂ ਜੀ ਦੀ ਕੁਝ ਕੁ ਸੇਵਾ ਕਰ ਸਕਾਂਗਾ।"

ਇਹ ਸੋਚ ਕੇ ਉਹ ਸਿਪਾਹੀਆਂ ਵਿਚ ਨਿਧੱੜਕ ਹੋ ਕੇ ਤੁਰਨ ਫਿਰਨ ਲੱਗਾ। ਤੀਰ ਅਤੇ ਤਲਵਾਰਾਂ ਚੱਲ ਰਹੀਆਂ ਸਨ ਪਰ ਭਾਈ ਕਨ੍ਹਈਏ ਨੂੰ ਕੋਈ ਡਰ ਨਹੀਂ ਸੀ। ਉਹ ਸਿਸਕ ਰਹੇ ਸਿਪਾਹੀਆਂ ਦੇ ਮੂੰਹ ਵਿਚ ਪਾਣੀ ਪਾਈ ਜਾਂਦਾ ਸੀ। ਮਰ ਰਹੇ ਸਿਪਾਹੀ ਅੱਖਾਂ ਖੋਲ੍ਹਦੇ ਅਤੇ ਹਰ ਇੱਕ ਸਿੱਖ ਨੂੰ ਅਸੀਸਾਂ ਦਿੰਦੇ। ਉਹ ਥੱਕੇ, ਫੱਟੜ ਅਤੇ ਬੇ-ਆਸਰੇ ਸਿਪਾਹੀਆਂ ਨੂੰ ਵੀ ਪਾਣੀ ਪਿਆਉਂਦਾ। ਉਹ ਉਨ੍ਹਾਂ ਦੀ ਸੇਵਾ ਕਰਕੇ ਉਨ੍ਹਾਂ ਨੂੰ ਫਿਰ ਲੜਨ ਲਈ ਤਿਆਰ ਕਰ ਦਿੰਦਾ। ਪਰ ਕੀ ਤੁਸੀਂ ਸਮਝਦੇ ਹੋ, ਉਹ ਕੇਵਲ ਸਿੱਖ ਸਿਪਾਹੀਆਂ ਨੂੰ ਹੀ ਪਾਣੀ ਪਿਆਉਂਦਾ ਸੀ ? ਨਹੀਂ, ਉਹ ਸਾਰਿਆਂ ਨੂੰ ਪਾਣੀ ਪਿਆਉਂਦਾ ਸੀ, ਮੁਸਲਮਾਨਾਂ ਨੂੰ ਵੀ ਅਤੇ ਸਿੱਖਾਂ ਨੂੰ ਵੀ।

ਕੁਝ ਸਿੱਖਾਂ ਨੇ ਗੁਰੂ ਜੀ ਨੂੰ ਸ਼ਿਕਾਇਤ ਕੀਤੀ ਕਿ ਭਾਈ ਕਨ੍ਹਈਆ ਦੁਸ਼ਮਣਾਂ ਨੂੰ ਵੀ ਪਾਣੀ ਪਿਆਉਂਦਾ ਹੈ। "ਮੁਸਲਮਾਨ ਸਾਡੇ ਦੁਸ਼ਮਣ ਹਨ, ਅਸੀਂ ਉਨ੍ਹਾਂ ਨੂੰ ਹਰਾਉਣਾ ਚਾਹੁੰਦੇ ਹਾਂ ਪਰੰਤੂ ਇਹ ਬਿਰਧ ਸਿੱਖ ਪਾਣੀ ਪਿਆ ਕੇ ਉਨ੍ਹਾਂ ਨੂੰ ਜੀਵਾਈ ਜਾਂਦਾ ਹੈ।" ਸਿੱਖਾਂ ਨੇ ਕਿਹਾ।

ਗੁਰੂ ਜੀ ਨੇ ਭਾਈ ਕਨ੍ਹਈਆ ਨੂੰ ਬੁਲਾਇਆ। ਉਨ੍ਹਾਂ ਨੇ ਪੁੱਛਿਆ "ਭਾਈ ਸਾਹਿਬ ! ਕੀ ਇਹ ਸੱਚ ਹੈ ਕਿ ਤੁਸੀਂ ਹਜ਼ਾਰਾਂ ਮੁਸਲਮਾਨ ਸਿਪਾਹੀਆਂ ਨੂੰ ਪਾਣੀ ਪਿਆਂਦੇ ਰਹੇ ਹੋ ?"

"ਸੱਚੇ ਪਾਤਸ਼ਾਹ, ਇਹ ਸੱਚ ਹੈ" ਭਾਈ ਕਨ੍ਹਈਆ ਨੇ ਕਿਹਾ, ਕਿ "ਮੈਂ ਮੁਸਲਮਾਨਾਂ ਅਤੇ ਸਿੱਖਾਂ, ਸਾਰਿਆਂ ਨੂੰ ਪਾਣੀ ਪਿਆਉਂਦਾ ਰਿਹਾ ਹਾਂ ਅਤੇ ਅਜਿਹਾ ਕਰਕੇ, ਮੈਂ ਕੇਵਲ ਆਪ ਜੀ ਦੀ ਸਿੱਖਿਆ ਦਾ ਪਾਲਨ ਕਰਦਾ ਰਿਹਾ ਹਾਂ। ਆਪ ਜੀ ਹੀ ਸਾਨੂੰ ਉਪਦੇਸ਼ ਦਿਆ ਕਰਦੇ ਹੋ ਕਿ ਮਾਨਵ ਕੀ ਜਾਤ ਸਾਰੀ ਇੱਕ ਹੈ ਅਤੇ ਸਾਨੂੰ ਸਭ ਨੂੰ ਸਮਾਨ

Sri Satguru Jagjit Singh Ji eLibrary NamdhariElibrary@gmail.com

ਸਮਝਣਾ ਚਾਹੀਦਾ।"

ਗੁਰੂ ਜੀ ਨੇ ਇਹ ਸੁਣਿਆ ਤੇ ਇਸ ਤੇ ਵਿਚਾਰ ਕੀਤਾ। ਇਹ ਬਿਲਕੁਲ ਸੱਚ ਸੀ ਅਤੇ ਭਾਈ ਕਨ੍ਹਈਆ ਬਿਲਕੁਲ ਠੀਕ ਕਰਦੇ ਰਹੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਅਤੇ ਕਿਹਾ, "ਆਪ ਬਹੁਤ ਧਰਮੀ ਮਨੁੱਖ ਹੋ, ਆਪ ਆਪਣਾ ਉੱਤਮ ਕੰਮ ਕਰਦੇ ਜਾਓ।"

ਜਿਹੜੇ ਭਾਈ ਕਨ੍ਹਈਆ ਜੀ ਦੇ ਪੈਰੋਕਾਰ ਹਨ, ਉਨ੍ਹਾਂ ਨੂੰ ਸੇਵਾ-ਪੰਥੀ ਕਹਿੰਦੇ ਹਨ। ਇਹ ਲੋਕ ਭਿੱਖਿਆ ਨਹੀਂ ਮੰਗਦੇ, ਪਰੰਤੂ ਮਿਹਨਤ ਕਰਕੇ ਰੋਜ਼ੀ ਕਮਾਉਂਦੇ ਹਨ। ਉਹ ਸੇਵਾ ਕਰਨ ਵਿਚ ਹੀ ਮਾਣ ਸਮਝਦੇ ਹਨ।

Sri Satguru Jagjit Singh Ji eLibrary NamdhariElibrary@gmail.com

# ਚਾਲੀ ਮੁਕਤੇ

ਕੀ ਆਪ ਕਦੀ ਮੁਕਤਸਰ ਗਏ ਹੋ ? ਇਹ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੈ । ਕੀ ਆਪ ਨੇ ਇਸ ਦਾ ਵੱਡਾ ਸਾਰਾ ਸਰੋਵਰ ਵੇਖਿਆ ਹੈ ? ਹਰ ਸਾਲ ਮਾਘੀ ਦੇ ਦਿਨ ਇਥੇ ਇੱਕ ਬੜਾ ਭਾਰੀ ਮੇਲਾ ਲਗਦਾ ਹੈ । ਪੰਜਾਬ ਦੇ ਸਾਰੇ ਕੋਨਿਆਂ ਦੇ ਸਿੱਖ, ਹਜ਼ਾਰਾਂ ਦੀ ਗਿਣਤੀ ਵਿਚ ਇਸ ਮੇਲੇ ਵਿਚ ਹਾਜ਼ਰ ਹੁੰਦੇ ਹਨ । ਇਸ ਦਿਨ ਮੁਕਤਸਰ ਆਉਣਾ ਪਵਿੱਤਰ ਗਿਣਿਆ ਜਾਂਦਾ ਹੈ । ਕਿਉਂਕਿ ਇਥੇ ਚਾਲੀ ਮੁਕਤੇ ਸ਼ਹੀਦ ਹੋਏ ਸਨ ਅਤੇ ਇਸ ਜਗ੍ਹਾ ਦਾ ਨਾਮ ਮੁਕਤਸਰ ਰਖਿਆ ਗਿਆ ਸੀ ।

ਚਾਲੀ ਮੁਕਤੇ ਕੌਣ ਸਨ ?

ਸਰਹਿੰਦ, ਦਿੱਲੀ ਅਤੇ ਲਾਹੌਰ ਦੇ ਨਵਾਬਾਂ ਨੇ, ਕਾਂਗੜਾ, ਨੂਰਪੁਰ, ਜੰਮੂ ਅਤੇ ਚੰਬਾ ਆਦਿ ਦੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗ੍ਰਿਹ-ਅਸਥਾਨ ਅਨੰਦਪੁਰ ਨੂੰ ਘੇਰਾ ਪਾਇਆ ਹੋਇਆ ਸੀ । ਉਨ੍ਹਾਂ ਸਾਰੇ ਸਿੱਖਾਂ ਦਾ ਇੱਕੋ ਇੱਕ ਮਕਸਦ ਸੀ ਕਿ ਗੁਰੂ ਜੀ ਆਨੰਦਪੁਰ ਸਾਹਿਬ ਦੇ ਕਿਲ੍ਹੇ ਤੋਂ ਨਿਕਲ ਜਾਣ ।

ਗੁਰੂ ਜੀ ਜਾਣਾ ਨਹੀਂ ਚਾਹੁੰਦੇ ਸਨ । ਉਨ੍ਹਾਂ ਦੇ ਲਗਭਗ ਸਾਰੇ ਦੇ ਸਾਰੇ ਸਿੱਖ ਸ਼ਹੀਦ ਹੋ ਗਏ । ਖ਼ੁਰਾਕ ਆਉਣ ਦੇ ਸਾਰੇ ਰਾਹ ਬੰਦ ਕਰ ਦਿੱਤੇ ਗਏ ਤਾਂ ਵੀ ਗੁਰੂ ਸਾਹਿਬ ਸ਼ਹਿਰ ਛੱਡਣ ਨੂੰ ਤਿਆਰ ਨਹੀਂ ਸਨ । ਇਸ ਲਈ ਦੁਸ਼ਮਣ ਨੇ ਸੋਚਿਆ ਕਿ ਗੁਰੂ ਜੀ ਵਰਗੇ ਹਠੀ ਨੂੰ ਜਿੱਤਣਾ ਬਹੁਤ ਮੁਸ਼ਕਲ ਹੈ ।

ਜਦੋਂ ਤਾਕਤ ਕੰਮ ਨਾ ਆਈ ਤਾਂ ਦੁਸ਼ਮਣਾਂ ਨੇ ਹੋਰ ਢੰਗ ਅਪਣਾਉਣੇ ਆਰੰਭ ਕੀਤੇ । ਉਨ੍ਹਾਂ ਨੇ ਗੁਰੂ ਜੀ ਨੂੰ ਕਹਾ ਭੇਜਿਆ ਕਿ ਜੇ ਉਹ

Sri Satguru Jagjit Singh Ji eLibrary NamdhariElibrary@gmail.com

ਅਤੇ ਉਨ੍ਹਾਂ ਦੇ ਸਿੱਖ ਅਨੰਦਪੁਰ ਸਾਹਿਬ ਛੱਡ ਕੇ ਚੱਲੇ ਜਾਣ ਤਾਂ ਉਨ੍ਹਾਂ ਨੂੰ ਕੋਈ ਤਕਲੀਫ਼ ਨਹੀਂ ਦਿੱਤੀ ਜਾਵੇਗੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ, ਮਾਤਾ ਗੁਜਰੀ ਸਿੱਖਾਂ ਉੱਤੇ ਹੋ ਰਹੀਆਂ ਤਕਲੀਫ਼ਾਂ ਨੂੰ ਬਹੁਤ ਮਹਿਸੂਸ ਕਰ ਰਹੇ ਸਨ। ਇਸ ਲਈ ਉਨ੍ਹਾਂ ਨੇ ਆਪਣੇ ਬਹਾਦਰ ਬੇਟੇ ਨੂੰ ਕਿਹਾ, "ਮੇਰੇ ਬੇਟੇ ! ਹੁਣ ਵੀ ਮੰਨ ਜਾਓ। ਕਿਲ੍ਹਾ ਛੱਡ ਦਿਓ, ਅਤੇ ਆਪਣੇ ਸਿੱਖਾਂ ਨੂੰ ਬਚਾ ਲਓ। ਪਹਾੜੀ ਰਾਜੇ ਅਤੇ ਤੁਰਕ ਕਹਿੰਦੇ ਹਨ ਕਿ ਅਸੀਂ ਕੁਝ ਨਹੀਂ ਕਹਿੰਦੇ। ਸੋ ਕੋਈ ਗੱਲ ਨਹੀਂ। ਜੀਉਂਦੇ ਰਹੇ ਤਾਂ ਦੁਸ਼ਮਣਾਂ ਕੋਲੋਂ ਫਿਰ ਕਿਲ੍ਹਾ ਛੁਡਾ ਲਵਾਂਗੇ। ਪਰ ਇਥੇ ਠਹਿਰਣਾ ਹੁਣ ਮੌਤ ਨੂੰ ਮੁੱਲ ਲੈਣਾ ਹੈ। ਆਪਣੇ ਪਿਆਰੇ ਸਿੱਖ-ਸਿਪਾਹੀਆਂ ਉੱਤੇ ਦਯਾ ਦ੍ਰਿਸ਼ਟੀ ਕਰੋ। ਉਹ ਭੁੱਖੇ ਮਰ ਰਹੇ ਹਨ ਅਤੇ ਉਨ੍ਹਾਂ ਦੀ ਹੋਰ ਕੋਈ ਸਹਾਇਤਾ ਨਹੀਂ ਕਰ ਸਕਦਾ।"

ਮਾਤਾ ਗੁਜਰੀ ਜੀ ਨੇ ਜੋ ਕੁਝ ਗੁਰੂ ਜੀ ਨੂੰ ਕਿਹਾ, ਸੁਣ ਕੇ, ਸਿੱਖਾਂ ਦੇ ਹੌਂਸਲੇ ਵੱਧ ਗਏ। ਸਿੱਖਾਂ ਨੇ ਵੀ ਗੁਰੂ ਜੀ ਨੂੰ ਕਿਹਾ, "ਹੇ ਸੱਚੇ ਪਾਤਸ਼ਾਹ, ਅਸੀਂ ਭੁੱਖੇ ਮਰ ਰਹੇ ਹਾਂ। ਜੇ ਅਸੀਂ ਇੱਥੇ ਟਿਕੇ ਰਹੇ ਤਾਂ ਸਾਡੀ ਮੌਤ ਯਕੀਨੀ ਹੈ। ਜੇ ਅਸੀਂ ਇਹ ਜਗ੍ਹਾ ਛੱਡ ਦੇਈਏ ਤਾਂ ਅਸੀਂ ਦੁਸ਼ਮਣ ਨਾਲ ਲੜ ਸਕਾਂਗੇ। ਸਾਨੂੰ ਆਗਿਆ ਦਿਓ ਕਿ ਅਸੀਂ ਚਲੇ ਜਾਈਏ।"

ਇਸ ਤੋਂ ਉਪਰੰਤ ਵੀ ਗੁਰੂ ਜੀ ਨੇ ਅਨੰਦਪੁਰ ਨਾ ਛੱਡਿਆ। ਅਖ਼ੀਰ ਉਨ੍ਹਾਂ ਨੇ ਸਿੱਖਾਂ ਨੂੰ ਪੰਜ ਦਿਨ ਹੋਰ ਠਹਿਰਣ ਲਈ ਕਿਹਾ। ਉਸ ਤੋਂ ਪਿਛੋਂ ਉਹ ਇਹ ਸਥਾਨ ਛੱਡ ਦੇਣਗੇ।

ਇਹ ਵੀ ਕੁੱਝ ਸਿੱਖਾਂ ਲਈ ਅਸਹਿ ਸੀ। ਉਨ੍ਹਾਂ ਨੇ ਸੋਚਿਆ, "ਅਸੀਂ ਗੁਰੂ ਜੀ ਦੀ ਐਨੀ ਦੇਰ ਸੇਵਾ ਕੀਤੀ ਹੈ। ਪਰ ਉਹ ਸਾਡੀ ਬਿਲਕੁਲ ਪ੍ਰਵਾਹ ਨਹੀਂ ਕਰਦੇ। ਅਸੀਂ ਉਨ੍ਹਾਂ ਨੂੰ ਕਿਲ੍ਹਾ ਛੱਡਣ ਲਈ ਕਹਿੰਦੇ ਹਾਂ ਪਰ ਉਹ ਸਾਨੂੰ ਠਹਿਰਣ ਲਈ ਅਤੇ ਭੁੱਖੇ ਮਰਨ ਲਈ

Sri Satguru Jagjit Singh Ji eLibrary NamdhariElibrary@gmail.com

ਕਹਿੰਦੇ ਹਨ। ਜੇ ਅਸੀਂ ਉਨ੍ਹਾਂ ਦਾ ਹੁਕਮ ਮੰਨਦੇ ਹਾਂ ਤਾਂ ਮੌਤ ਸਾਡੇ ਸਾਹਮਣੇ ਹੈ ਜੇ ਅਸੀਂ ਬੱਚ ਨਿਕਲੀਏ ਤਾਂ ਫਿਰ ਜੀਉਂਦੇ ਜੀ ਲੜ ਸਕਾਂਗੇ। ਇਸ ਲਈ ਗੁਰੂ ਜੀ ਨਾਲੋਂ ਸਾਨੂੰ ਨਾਤਾ ਤੋੜ ਲੈਣਾ ਚਾਹੀਦਾ ਹੈ। ਚਲੋ ਉਨ੍ਹਾਂ ਨੂੰ ਦਸ ਦੇਈਏ ਕਿ ਨਾ ਉਹ ਸਾਡਾ ਗੁਰੂ ਹੈ ਅਤੇ ਨਾ ਅਸੀਂ ਉਨ੍ਹਾਂ ਦੇ ਚੇਲੇ ਹਾਂ।"

ਇਉਂ ਚਾਲੀ ਸਿੱਖ ਅਨੰਦਪੁਰ ਸਾਹਿਬ ਛੱਡ ਗਏ। ਪਰ ਜਦੋਂ ਉਹ ਆਪਣੇ ਘਰੀਂ ਪਹੁੰਚੇ ਤਾਂ ਉਨ੍ਹਾਂ ਨੂੰ ਬਹੁਤ ਅਫ਼ਸੋਸ ਹੋਇਆ। ਉਨ੍ਹਾਂ ਨੇ ਲੋੜ ਦੇ ਸਮੇਂ ਆਪਣੇ ਗੁਰੂ ਨੂੰ ਛੱਡ ਦਿੱਤਾ ਸੀ। ਇਸ ਲਈ ਉਨ੍ਹਾਂ ਨਾਲ ਸਾਰੇ ਜਣੇ ਨਫ਼ਰਤ ਕਰਦੇ ਸਨ। ਕੋਈ ਉਨ੍ਹਾਂ ਨਾਲ ਗੱਲ ਨਹੀਂ ਸੀ ਕਰਨਾ ਚਾਹੁੰਦਾ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਆਪਣਾ ਮਿੱਤਰ ਸਮਝਦਾ ਸੀ। ਉਨ੍ਹਾਂ ਦੀਆਂ ਪਤਨੀਆਂ ਨੇ ਵੀ ਉਨ੍ਹਾਂ ਦਾ ਸੁਆਗਤ ਨਾ ਕੀਤਾ ਸਗੋਂ ਕਿਹਾ, "ਤੁਸੀਂ ਤਾਂ ਡਰੂ ਹੋ! ਨਾਮਰਦ ਹੋ! ਇਸਤਰੀਆਂ ਨਾਲੋਂ ਵੀ ਗਏ ਗੁਜ਼ਰੇ ਹੋ!"

ਇਉਂ ਉਨ੍ਹਾਂ ਸਾਰੇ ਸਿੱਖਾਂ ਨੇ ਗੁਰੂ ਜੀ ਕੋਲ ਵਾਪਸ ਜਾਣ ਦੀ ਠਾਣ ਲਈ ਅਤੇ ਉਨ੍ਹਾਂ ਲਈ ਲੜ ਮਰਨ ਦਾ ਫ਼ੈਸਲਾ ਕੀਤਾ। ਉਸ ਵੇਲੇ ਤਕ ਗੁਰੂ ਜੀ ਨੇ ਅਨੰਦਪੁਰ ਸਾਹਿਬ ਛੱਡ ਦਿੱਤਾ ਸੀ। ਬਹੁਤ ਦੇਰ ਸਫ਼ਰ ਕਰਨ ਮਗਰੋਂ ਉਹ ਖਿਦਰਾਣੇ ਪਹੁੰਚ ਚੁੱਕੇ ਸਨ।

ਜਦੋਂ ਉਹ ਖਿਦਰਾਣੇ ਪਹੁੰਚੇ ਤਾਂ ਰੁੱਖ ਉੱਤੇ ਬੈਠੇ ਹੋਏ ਇੱਕ ਸਿੱਖ ਨੇ ਦੱਸਿਆ ਕਿ ਦੁਸ਼ਮਣ ਆ ਰਿਹਾ ਹੈ। ਇਹ ਸਿੱਖ ਦਰੱਖਤ ਉੱਤੇ ਚੜ੍ਹ ਕੇ ਪਹਿਰਾ ਦੇ ਰਿਹਾ ਸੀ। ਇਹ ਸੁਣ ਕੇ ਗੁਰੂ ਜੀ ਨੇ ਤੀਰ ਕਮਾਨ ਸੰਭਾਲੀ ਅਤੇ ਘੋੜੇ ਉੱਤੇ ਸਵਾਰ ਹੋ ਗਏ। ਇੱਕ ਰੇਤ ਦੇ ਟਿੱਲੇ ਉੱਤੇ ਖਲੋ ਕੇ ਉਨ੍ਹਾਂ ਨੇ ਦੁਸ਼ਮਣ ਨੂੰ ਵੇਖਿਆ। ਐਨੀ ਦੇਰ ਨੂੰ, ਕੁਝ ਸਿੱਖਾਂ ਨੇ ਉਨ੍ਹਾਂ ਨੂੰ ਸ਼ਹਿਰ ਜਾਣ ਤੋਂ ਰੋਕਿਆ। ਇਹ ਆਦਮੀ ਕੌਣ ਸਨ? ਇਹ ਉਹੋ ਚਾਲੀ ਸੂਰਬੀਰ ਸਿੱਖ ਸਨ ਜਿਨ੍ਹਾਂ ਨੇ ਗੁਰੂ ਜੀ ਕੋਲ ਵਾਪਸ ਜਾਣ ਦੀ ਠਾਣ ਲਈ ਸੀ।

Sri Satguru Jagjit Singh Ji eLibrary NamdhariElibrary@gmail.com

ਆਪਣੇ ਘਰਾਂ ਨੂੰ ਛੱਡ ਕੇ ਉਹ ਗੁਰੂ ਜੀ ਨੂੰ ਲੱਭਦੇ ਲੱਭਦੇ, ਖਿਦ-ਰਾਣੇ ਪਹੁੰਚ ਗਏ। ਉਥੇ ਉਨ੍ਹਾਂ ਨੂੰ ਦੁਸ਼ਮਣਾਂ ਦੀਆਂ ਫੌਜਾਂ ਦਾ, ਜਿਹੜੀਆਂ ਗੁਰੂ ਜੀ ਦੀ ਭਾਲ ਕਰ ਰਹੀਆਂ ਸਨ, ਸਾਹਮਣਾ ਕਰਨਾ ਪਿਆ। ਦੁਸ਼ਮਣ ਦੀਆਂ ਫੌਜਾਂ ਦੀ ਗਿਣਤੀ ਬੇਅੰਤ ਸੀ। ਆਪ ਉਹ ਗਿਣਤੀ ਦੇ ਹੀ ਸਨ, ਪਰ ਉਹ ਘਬਰਾਏ ਨਹੀਂ। ਉਹ ਬੜੀ ਬਹਾਦਰੀ ਨਾਲ ਲੜੇ ਅਤੇ ਆਪਣੇ ਗੁਰੂ ਦੇ ਪਿਆਰ ਦੇ ਸਦਕੇ ਰਣ-ਖੇਤਰ ਵਿਚ ਕੰਮ ਆ ਗਏ।

ਜੰਗ ਮਗਰੋਂ ਜਦ ਗੁਰੂ ਜੀ ਉਸ ਪਾਸੇ ਗਏ ਤਾਂ ਉਨ੍ਹਾਂ ਦੇ ਅਚੰਭੇ ਦੀ ਹੱਦ ਨਾ ਰਹੀ, ਜਦ ਉਨ੍ਹਾਂ ਨੇ ਕੁਝ ਉਨ੍ਹਾਂ ਸਿੱਖਾਂ ਨੂੰ ਵੇਖਿਆ ਜਿਹੜੇ ਆਪਣੀਆਂ ਜਾਨਾਂ ਦੀ ਖ਼ਾਤਰ ਉਨ੍ਹਾਂ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ। ਉਨ੍ਹਾਂ ਨੇ ਹੁਣ ਖ਼ੁਸ਼ੀ ਖ਼ੁਸ਼ੀ ਗੁਰੂ ਜੀ ਲਈ ਜਾਨਾਂ ਵਾਰ ਦਿੱਤੀਆਂ ਸਨ।

ਉਨ੍ਹਾਂ ਵਿਚੋਂ ਇੱਕ, ਭਾਈ ਮਹਾਂ ਸਿੰਘ ਨੇ, ਜਿਹੜੇ ਅੱਜੇ ਸਿਸਕ ਰਹੇ ਸਨ, ਗੁਰੂ ਜੀ ਦੇ ਚਰਨ ਚੁੰਮੇ ਅਤੇ ਬੇਦਾਵਾ ਫਾੜ ਦੇਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਉਨ੍ਹਾਂ ਨੂੰ ਖਿਮਾ ਕਰ ਦਿੱਤਾ ਅਤੇ ਕਿਹਾ "ਜੇ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਵਾਪਸ ਆ ਜਾਏ ਤਾਂ ਉਸ ਨੂੰ ਭੁੱਲਿਆ ਨਹੀ ਕਹਿੰਦੇ।" ਜਿਹੜੇ ਸਿੱਖ ਹੁਣ ਮੇਰੇ ਲਈ ਸ਼ਹੀਦ ਹੋਏ ਹਨ, ਉਹ ਆਪਣੀ ਬਹਾਦਰੀ ਲਈ "ਮੁਕਤੇ" ਪਦ ਨਾਲ ਸਨਮਾਨੇ ਜਾਣਗੇ।

ਇਉਂ ਉਹ ਚਾਲੀ ਸਿੱਖ, ਚਾਲੀ ਮੁਕਤਿਆਂ ਦੇ ਨਾਮ ਨਾਲ ਪ੍ਰਸਿੱਧ ਹੋ ਗਏ।

Sri Satguru Jagjit Singh Ji eLibrary NamdhariElibrary@gmail.com

# ਪੰਜ ਪਿਆਰੇ

ਵਿਸਾਖੀ ਦਾ ਦਿਨ ਸੀ । ਇਹ ਭਾਰਤੀ ਸੰਮਤ ਦਾ ਪਹਿਲਾ ਦਿਨ ਹੈ । ਅਨੰਦਪੁਰ ਸਾਹਿਬ ਵਿਚ ਭਾਰੀ ਮੇਲਾ ਲੱਗਾ ਹੋਇਆ ਸੀ । ਪੰਜਾਬ ਦੇ ਕੋਨੇ ਕੋਨੇ ਤੋਂ ਲੋਕ ਇਕੱਠੇ ਹੋਏ ਹੋਏ ਸਨ ।

ਸ਼ਰਧਾਲੂ ਅਤੇ ਨਿਧੱੜਕ ਸਿੰਘਾਂ ਦੇ ਐਡੇ ਵੱਡੇ ਇਕੱਠ ਨੂੰ ਵੇਖ ਕੇ ਗੁਰੂ ਸਾਹਿਬ ਨੂੰ ਬਹੁਤ ਪ੍ਰਸੰਨਤਾ ਹੋਈ । ਉਨ੍ਹਾਂ ਨੇ ਇੱਕ ਉੱਚੀ ਥਾਂ ਉੱਤੇ ਗ਼ਲੀਚੇ ਵਿਛਾਉਣ ਲਈ ਹੁਕਮ ਕੀਤਾ । ਇਨ੍ਹਾਂ ਨੇ ਇਹ ਵੀ ਕਿਹਾ ਕਿ ਟਿਲੇ ਦੇ ਨੇੜੇ ਖੁਲ੍ਹੀ ਜਗ੍ਹਾ ਦੇ ਦੁਆਲੇ ਕਨਾਤਾਂ ਲਗਾ ਦਿੱਤੀਆਂ ਜਾਣ ।

ਇਸ ਗੱਲ ਤੋਂ ਗੁਰੂ ਜੀ ਦਾ ਕੀ ਮਤਲਬ ਹੈ ? ਸੰਗਤਾਂ ਨੂੰ ਕੁਝ ਪਤਾ ਨਾ ਲੱਗ ਸਕਿਆ । ਉਨ੍ਹਾਂ ਨੂੰ ਹੋਰ ਵੀ ਅਚੰਭਾ ਹੋਇਆ ਜਦ ਅੱਧੀ ਰਾਤ ਵੇਲੇ ਗੁਰੂ ਜੀ ਨੇ ਉਨ੍ਹਾਂ ਨੂੰ ਉਥੇ ਪੰਜ ਬੱਕਰਿਆਂ ਨੂੰ ਬੰਨ੍ਹਣ ਲਈ ਕਿਹਾ, ਅਤੇ ਕਿਸੇ ਨੂੰ ਦੱਸਣ ਤੋਂ ਮਨ੍ਹਾਂ ਕਰ ਦਿੱਤਾ । ਉਨ੍ਹਾਂ ਹੁਕਮ ਕੀਤਾ ਕਿ ਕੋਈ ਵਿਅਕਤੀ ਕਨਾਤ ਦੇ ਅੰਦਰ ਨਾ ਜਾਏ ।

ਅਗਲੇ ਦਿਨ ਗੁਰੂ ਜੀ ਅੰਮ੍ਰਿਤ ਵੇਲੇ ਉੱਠੇ । ਪਾਠ ਕਰਨ ਉਪਰੰਤ, ਉਨ੍ਹਾਂ ਨੇ ਆਪਣੇ ਕਪੜੇ ਅਤੇ ਸ਼ਸਤਰ ਪਹਿਨੇ । ਉਨ੍ਹਾਂ ਨੇ ਸਿੱਖਾਂ ਨੂੰ ਕਿਹਾ ਕਿ ਖੁੱਲ੍ਹੇ ਮੈਦਾਨ ਵਿਚ ਦਰਬਾਰ ਸੱਜੇਗਾ ।

ਇਹ ਸੁਣ ਕੇ, ਸਿੱਖ ਸੰਗਤਾਂ, ਮੈਦਾਨ ਵਿਚ ਚੰਗੀ ਥਾਂ ਮਲਣ ਲਈ ਦੌੜੀਆਂ । ਉਹ ਗੁਰੂ ਜੀ ਦੇ ਬਚਨ ਸੁਣਨ ਲਈ ਉਤਸੁੱਕ ਸਨ, ਕਿਉਂ ਜੋ ਗੁਰੂ ਜੀ ਦੇ ਬਚਨ ਉਨ੍ਹਾਂ ਨੂੰ ਹਿੰਮਤ ਅਤੇ ਆਸ਼ਾ ਬਖ਼ਸ਼ਦੇ ਸਨ ।

Sri Satguru Jagjit Singh Ji eLibrary NamdhariElibrary@gmail.com

ਜਦੋਂ ਸਾਰੀਆਂ ਸੰਗਤਾਂ ਬੈਠ ਗਈਆਂ, ਗੁਰੂ ਜੀ ਆਪਣੇ ਸਿੰਘਾਸਨ ਤੋਂ ਉੱਠੇ। ਉਨ੍ਹਾਂ ਨੇ ਤਲਵਾਰ ਕੱਢੀ ਅਤੇ ਸਿੱਖਾਂ ਨੂੰ ਸੰਬੋਧਨ ਕੀਤਾ, "ਮੈਨੂੰ ਇੱਕ ਸਿੱਖ ਦਾ ਸੀਸ ਚਾਹੀਦਾ ਹੈ। ਕੀ ਆਪ ਵਿਚੋਂ ਕੋਈ ਸਿੱਖ ਆਪਣਾ ਸੀਸ ਭੇਟਾ ਕਰ ਸਕਦਾ ਹੈ ?" ਇਹ ਸੁਣ ਕੇ ਚਾਰੇ ਪਾਸੇ ਸਨਾਟਾ ਛਾ ਗਿਆ ਅਤੇ ਕਾਇਰਾਂ ਦੇ ਦਿਲਾਂ ਨੂੰ ਡੋਬ ਪੈਣ ਲੱਗੇ।

ਜਦੋਂ ਕੋਈ ਜੁਆਬ ਨਾ ਮਿਲਿਆ ਤਾਂ ਗੁਰੂ ਜੀ ਨੇ ਆਪਣਾ ਪ੍ਰਸ਼ਨ ਫਿਰ ਦੁਹਰਾਇਆ; ਤਾਂ ਵੀ ਸਾਰੇ ਲੋਕ ਚੁੱਪ ਰਹੇ। ਪਰ ਗੁਰੂ ਜੀ ਦਾ ਇਰਾਦਾ ਦ੍ਰਿੜ ਸੀ, ਉਨ੍ਹਾਂ ਨੇ ਤੀਜੀ ਵਾਰੀ ਕਿਹਾ, "ਜੇ ਕੋਈ ਮੇਰਾ ਸੱਚਾ ਸਿੱਖ ਹੈ ਤਾਂ ਉਹ ਮੈਨੂੰ ਆਪਣਾ ਸੀਸ ਭੇਟਾ ਕਰੇ।"

ਲੋਕ ਕੀ ਉੱਤਰ ਦਿੰਦੇ ? ਉਹ ਤਾਂ ਜੀਉਣ ਦਾ ਰਸਤਾ ਲੱਭਣ, ਗੁਰੂ ਜੀ ਕੋਲ ਆਏ ਸਨ, ਪਰ ਉਹ ਜੀਵਨ ਨੂੰ ਕੁਰਬਾਨ ਕਰਨ ਲਈ ਪੁੱਛ ਰਹੇ ਸਨ। ਇਹ ਸੱਚਮੁੱਚ ਉਨ੍ਹਾਂ ਦੇ ਇਮਤਿਹਾਨ ਦਾ ਸਮਾਂ ਸੀ। ਉਨ੍ਹਾਂ ਦੇ ਸਿਦਕ ਦੀ ਪਰਖ ਸੀ।

ਆਖ਼ਰ, ਲਾਹੌਰ ਦਾ ਇੱਕ ਸਿੱਖ, ਜਿਸ ਦਾ ਨਾਂ 'ਦਯਾ ਰਾਮ' ਸੀ, ਉਠਿਆ ਅਤੇ ਉਸ ਨੇ ਕਿਹਾ, "ਸੱਚੇ ਪਾਤਸ਼ਾਹ ! ਮੇਰਾ ਸੀਸ ਹਾਜ਼ਰ ਹੈ।" ਗੁਰੂ ਜੀ ਦਾ ਚਿਹਰਾ ਖ਼ੁਸ਼ੀ ਵਿਚ ਚਮਕ ਉਠਿਆ। ਉਹ ਭਾਈ ਦਯਾ ਰਾਮ ਨੂੰ ਕਨਾਤ ਦੇ ਅੰਦਰ ਲੈ ਗਏ ਅਤੇ ਉਨ੍ਹਾਂ ਨੂੰ ਉਥੇ ਬੈਠਣ ਲਈ ਕਿਹਾ। ਉਹ ਇੱਕ ਬੱਕਰੇ ਨੂੰ ਤਲਵਾਰ ਦੇ ਇੱਕੋ ਵਾਰ ਨਾਲ ਝਟਕਾ ਕੇ ਲਹੂ ਨਾਲ ਭਿੱਜੀ ਤਲਵਾਰ ਲੈ ਕੇ ਬਾਹਰ ਨਿਕਲੇ। ਉਨ੍ਹਾਂ ਨੇ ਸਿੱਖਾਂ ਨੂੰ ਤਲਵਾਰ ਵਿਖਾਈ ਜਿਸ ਨਾਲੋਂ ਲਹੂ ਦੇ ਤੁਪਕੇ ਡਿੱਗ ਰਹੇ ਸਨ। ਇਹ ਵੇਖ ਕੇ ਕਈ ਸਿੱਖਾਂ ਦੇ ਚਿਹਰੇ ਪੀਲੇ ਪੈ ਗਏ।

ਗੁਰੂ ਜੀ ਨੇ ਫਿਰ ਕਿਹਾ, "ਕੋਈ ਹੋਰ ਸਿਦਕੀ ਸਿੱਖ ਆਪਣਾ ਸੀਸ ਭੇਟਾ ਕਰੇ।" ਲੋਕੀਂ ਡਰ ਨਾਲ ਕੰਬਣ ਲੱਗ ਪਏ। ਗੁਰੂ ਜੀ ਨੂੰ ਕੀ ਹੋ ਗਿਆ ਹੈ ? ਉਨ੍ਹਾਂ ਨੇ ਹੁਣੇ ਤਾਂ ਦਯਾ ਰਾਮ ਜੀ ਦਾ ਸੀਸ ਲਿਆ ਹੈ। ਐਨਾ ਕਾਫ਼ੀ ਨਹੀਂ ? ਉਨ੍ਹਾਂ ਨੂੰ ਹੋਰ ਖ਼ੂਨ ਦੀ ਕੀ ਲੋੜ ਹੈ ?

Sri Satguru Jagjit Singh Ji eLibrary NamdhariElibrary@gmail.com

ਜਦੋਂ ਹੋਰ ਕੋਈ ਅੱਗੇ ਨਾ ਆਇਆ ਤਾਂ, ਗੁਰੂ ਜੀ ਨੇ, ਦੂਸਰੀ ਅਤੇ ਤੀਸਰੀ ਵਾਰੀ ਮੰਗ ਕੀਤੀ। ਦਿੱਲੀ ਦੇ ਸਿੱਖ 'ਧਰਮ ਦਾਸ' ਅੱਗੇ ਵੱਧੇ ਅਤੇ ਕਿਹਾ, "ਸੱਚੇ ਪਾਤਸ਼ਾਹ ! ਮੇਰਾ ਸਿਰ ਹਾਜ਼ਰ ਹੈ !!" ਗੁਰੂ ਜੀ ਬੜੇ ਗੁੱਸੇ ਦਿੱਸਦੇ ਸਨ। ਉਹ ਉਸ ਨੂੰ ਤੰਬੂ ਵਿਚ ਲੈ ਗਏ, ਉਨ੍ਹਾਂ ਨੇ ਦੂਸਰੇ ਬੱਕਰੇ ਨੂੰ ਝਟਕਾਇਆ ਅਤੇ ਨੰਗੀ ਤੇ ਲਹੂ-ਲਿਬੜੀ ਤਲਵਾਰ ਲੈ ਕੇ ਬਾਹਰ ਆ ਗਏ।

ਜਦੋਂ ਉਨ੍ਹਾਂ ਨੇ ਤੀਸਰੇ ਸਿਰ ਲਈ ਮੰਗ ਕੀਤੀ ਤਾਂ ਸਿੱਖ ਬਹੁਤ ਹੀ ਹੈਰਾਨ ਹੋ ਗਏ। ਸਿੱਖਾਂ ਨੇ ਸੋਚਿਆ ਕਿ ਗੁਰੂ ਜੀ ਦਾ ਸਿਰ ਹਿੱਲ ਗਿਆ ਹੈ। ਉਹ ਮਾਤਾ ਜੀ ਕੋਲ ਗਏ ਅਤੇ ਕਿਹਾ, "ਗੁਰੂ ਜੀ ਨੂੰ ਪਤਾ ਨਹੀਂ ਕਿ ਉਹ ਕੀ ਕਰ ਰਹੇ ਹਨ। ਉਨ੍ਹਾਂ ਨੇ ਦੋ ਸਿੱਖਾਂ ਦੇ ਸਿਰ ਲੈ ਲਏ ਹਨ ਅਤੇ ਅਜੇ ਉਹ ਰੱਜੇ ਨਹੀਂ। ਉਹ ਹੋਰ ਖ਼ੂਨ ਮੰਗ ਰਹੇ ਹਨ। ਆਪ ਜੀ ਉਠ ਕੇ ਪਤਾ ਕਰੋ।"

ਸਾਰਾ ਕੁਝ ਸੁਣ ਕੇ ਮਾਤਾ ਜੀ ਨੇ ਗੁਰੂ ਜੀ ਨੂੰ ਮਿਲਣ ਲਈ ਸੁਨੇਹਾ ਭੇਜਿਆ। ਪਰੰਤੂ ਗੁਰੂ ਜੀ ਆਪਣੇ ਇਰਾਦੇ ਉੱਤੇ ਐਨੇ ਡੱਟੇ ਹੋਏ ਸਨ ਕਿ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਸੀ ਕਿ ਕੋਈ ਕੀ ਕਹਿੰਦਾ ਹੈ।

ਗੁਰੂ ਜੀ ਦੇ ਬਚਨਾਂ ਦਾ ਐਨਾ ਅਸਰ ਹੋਇਆ ਕਿ ਦੁਆਰਕਾ ਦੇ ਰਹਿਣ ਵਾਲੇ ਇੱਕ ਸਿੱਖ 'ਮੁਹਕਮ ਚੰਦ' ਨੇ ਉਠ ਕੇ ਆਪਣਾ ਸੀਸ ਪੇਸ਼ ਕਰ ਦਿੱਤਾ। ਗੁਰੂ ਜੀ ਉਹਨੂੰ ਵੀ ਕਨਾਤ ਦੇ ਅੰਦਰ ਲੈ ਗਏ, ਇੱਕ ਹੋਰ ਬੱਕਰੇ ਨੂੰ ਝਟਕਾਇਆ ਅਤੇ ਨੰਗੀ ਤਲਵਾਰ ਲੈ ਕੇ ਸਿੱਖਾਂ ਕੋਲ ਆ ਗਏ।

ਲੋਕਾਂ ਨੇ ਸੋਚਿਆ ਕਿ ਹੁਣ ਤਕ ਗੁਰੂ ਜੀ ਨੇ ਬਥੇਰੇ ਬੰਦਿਆਂ ਦੀ ਜਾਨ ਲੈ ਲਈ ਹੈ। ਪਰ ਗੁਰੂ ਜੀ ਅਜਿਹਾ ਨਹੀਂ ਸੋਚ ਰਹੇ ਸਨ। ਉਨ੍ਹਾਂ ਚੌਥੇ ਸਿਰ ਦੀ ਮੰਗ ਕੀਤੀ। ਇਸ ਨਾਲ ਸਾਰਿਆਂ ਨੂੰ ਜਾਨ ਦਾ ਖ਼ਤਰਾ ਪੈ ਗਿਆ ਕਿ ਸ਼ਾਇਦ ਗੁਰੂ ਸਾਹਿਬ ਸਾਰਿਆਂ ਨੂੰ ਮਾਰ ਦੇਣਾ ਚਾਹੁੰਦੇ ਹਨ। ਇਸ ਲਈ ਕਈ ਲੋਕ ਕਿਸੇ ਸੁਰੱਖਿਅਤ ਸਥਾਨ ਤੇ ਨੱਸ ਗਏ ਅਤੇ ਕਈ ਸ਼ਰਮ ਨਾਲ ਸਿਰ ਨੀਵਾਂ ਕਰਕੇ, ਖੜੇ ਹੋ ਗਏ। ਆਖ਼ਰ

Sri Satguru Jagjit Singh Ji eLibrary NamdhariElibrary@gmail.com

ਬਿਦਰ ਦੇ ਰਹਿਣ ਵਾਲੇ 'ਸਾਹਿਬ ਚੰਦ' ਅੱਗੇ ਵੱਧੇ ਅਤੇ ਕਹਿਣ ਲੱਗੇ, "ਸੱਚੇ ਪਾਤਸ਼ਾਹ ! ਮੇਰੀ ਤੁੱਛ ਜਿਹੀ ਇਹ ਜਿੰਦੜੀ ਆਪ ਜੀ ਦੀ ਭੇਟ ਹੈ ।" ਗੁਰੂ ਜੀ ਨੇ ਉਸ ਨਾਲ ਵੀ ਉਹੋ ਕੀਤਾ ਜੋ ਪਹਿਲਿਆਂ ਨਾਲ ਕੀਤਾ ਸੀ । ਉਹ ਫਿਰ ਆਏ ਅਤੇ ਪੰਜਵੇਂ ਸਿਰ ਲਈ ਮੰਗ ਕੀਤੀ ।

ਇਹ ਸੁਣ ਕੇ ਬਾਕੀ ਦੇ ਸਿੱਖ ਵੀ ਉੱਠ ਕੇ ਚਾਰੇ ਪਾਸੇ ਦੌੜ ਗਏ । ਜਿਹੜੇ ਬਾਕੀ ਬਚੇ ਉਨ੍ਹਾਂ ਵਿਚੋਂ ਜਗਨ ਨਾਥ ਦੇ 'ਹਿੰਮਤ' ਨੇ ਅੱਗੇ ਵੱਧ ਕੇ ਗੁਰੂ ਜੀ ਨੂੰ ਕਿਹਾ, "ਸੱਚੇ ਪਾਤਸ਼ਾਹ ਮੇਰਾ ਸੀਸ ਹਾਜ਼ਰ ਹੈ ।" ਗੁਰੂ ਜੀ ਉਸ ਨੂੰ ਵੀ ਅੰਦਰ ਲੈ ਗਏ ਅਤੇ ਅਖ਼ੀਰਲੇ ਬੱਕਰੇ ਨੂੰ ਝਟਕਾ ਦਿੱਤਾ ।

ਇਸ ਉਪਰੰਤ ਉਹ ਪੰਜਾਂ ਸੱਚੇ ਸਿੱਖਾਂ ਵੱਲ ਵੇਖ ਕੇ ਅਤਿਅੰਤ ਪ੍ਰਸੰਨ ਹੋਏ । ਉਨ੍ਹਾਂ ਨੇ ਕਿਹਾ, "ਆਪ ਮੇਰੇ ਹੋ ਅਤੇ ਮੈਂ ਆਪ ਦਾ ਹਾਂ । ਮੇਰੇ ਅਤੇ ਆਪ ਦੇ ਵਿਚ ਕੋਈ ਭੇਦ ਨਹੀਂ ।"

ਉਨ੍ਹਾਂ ਨੇ ਉਨ੍ਹਾਂ ਸਿੱਖਾਂ ਨੂੰ ਨਵੇਂ ਪੁਸ਼ਾਕੇ ਪਾਉਣ ਲਈ ਦਿੱਤੇ ਅਤੇ ਜਿੱਥੇ ਬਾਕੀ ਸਿੱਖ ਬੈਠੇ ਸਨ, ਉੱਥੇ ਉਨ੍ਹਾਂ ਨੂੰ ਲੈ ਆਏ ।

ਜਿਹੜੇ ਲੋਕਾਂ ਨੇ ਉਨ੍ਹਾਂ ਨੂੰ ਵੇਖਿਆ, ਉਹ ਉਨ੍ਹਾਂ ਦੀ ਸ਼ਾਨ ਵੇਖ ਕੇ ਹੈਰਾਨ ਹੋ ਗਏ ਅਤੇ ਗੁਰੂ ਜੀ ਦੀ ਸਿਆਣਪ ਉੱਤੇ ਅਸ਼ ਅਸ਼ ਕਰ ਉੱਠੇ । ਦਿਲੋਂ ਉਹ, ਆਪਣੇ ਆਪ ਵਿਚ ਬਹੁਤ ਸ਼ਰਮਿੰਦਾ ਸਨ ।

ਤਦ ਗੁਰੂ ਜੀ ਬੋਲੇ, "ਗੁਰੂ ਨਾਨਕ ਦੇਵ ਜੀ ਦੇ ਸਮੇਂ, ਕੇਵਲ ਇੱਕ ਸੱਚਾ ਸਿੱਖ ਨਿਤਰਿਆ ਸੀ, ਜਿਸ ਦਾ ਨਾਂ ਭਾਈ ਲਹਿਣਾ ਸੀ । ਹੁਣ ਪੰਜ ਨਿਤਰੇ ਹਨ । ਇਸ ਲਈ ਸਿੱਖ ਧਰਮ ਸਦਾ ਜ਼ਿੰਦਾ ਰਹੇਗਾ । ਕੋਈ ਸ਼ਕਤੀ ਇਸ ਨੂੰ ਨਸ਼ਟ ਨਹੀਂ ਕਰ ਸਕੇਗੀ । ਅੱਗੇ ਲੋਕਾਂ ਨੂੰ ਜਲ ਦੀ ਪਾਹੁਲ ਦਿੱਤੀ ਜਾਂਦੀ ਸੀ, ਜਿਸ ਜਲ ਵਿਚ ਗੁਰੂ ਆਪਣੇ ਚਰਨ ਧੋਂਦੇ ਸਨ । ਇਹ ਨਿਮ੍ਰਤਾ ਦੀ ਨਿਸ਼ਾਨੀ ਸੀ । ਪਰੰਤੂ ਹੁਣ ਜੇ ਅਸੀਂ ਜੀਉਣਾ ਚਾਹੁੰਦੇ ਹਾਂ, ਤਾਂ ਸਾਨੂੰ ਸ਼ਕਤੀਸ਼ਾਲੀ ਬਣਨਾ ਪਵੇਗਾ ਤੇ ਸ਼ਸਤਰ ਵਿਦਿਆ ਸਿਖਣੀ ਪਵੇਗੀ । ਇਸ ਲਈ ਆਉਣ ਵਾਲੇ ਸਮੇਂ ਵਿਚ ਸਿੱਖ ਖੰਡੇ ਦੀ ਪਾਹੁਲ ਪੀਆ ਕਰਨਗੇ । ਇਸ ਨੂੰ ਅੰਮ੍ਰਿਤ ਆਖਿਆ

Sri Satguru Jagjit Singh Ji eLibrary NamdhariElibrary@gmail.com

ਜਾਏਗਾ । ਇਹ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਵੇਗਾ ਅਤੇ ਬੁਜ਼ਦਿਲਾਂ ਨੂੰ ਬਹਾਦਰ ਯੋਧੇ ਬਣਾਵੇਗਾ ।''

ਇਸ ਮਗਰੋਂ ਗੁਰੂ ਜੀ ਨੇ ਇੱਕ ਲੋਹੇ ਦੇ ਬਾਟੇ ਵਿਚ ਜਲ ਪਾਇਆ ਅਤੇ ਖੰਡੇ ਦੇ ਨਾਲ ਉਸ ਨੂੰ ਹਿਲਾਇਆ । ਉਸ ਉੱਤੇ ਕੁਝ ਬਾਣੀਆਂ ਦਾ ਪਾਠ ਕੀਤਾ । ਗੁਰੂ ਜੀ ਦੀ ਧਰਮ ਪਤਨੀ ਪਤਾਸੇ ਲੈ ਕੇ ਆਈ ਅਤੇ ਉਨ੍ਹਾਂ ਨੇ ਉਹ ਜਲ ਵਿਚ ਮਿਲਾਏ । ਗੁਰੂ ਜੀ ਨੇ ਪਤਾਸੇ ਜਲ ਵਿਚ ਪਾ ਕੇ ਕਿਹਾ, ''ਹੁਣ ਜਲ ਵਿਚ ਪਤਾਸੇ ਪਾਉਣ ਦੇ ਕਾਰਣ ਸਿੱਖ ਆਪੋ ਵਿਚ ਸੁੱਖ-ਸ਼ਾਂਤੀ ਨਾਲ ਰਿਹਾ ਕਰਨਗੇ ।''

ਗੁਰੂ ਜੀ ਨੇ ਪੰਜਾਂ ਸਿੱਖਾਂ ਨੂੰ ਖੜੇ ਹੋਣ ਲਈ ਕਿਹਾ । ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ ਦਾ ਪਾਠ ਕਰਨ ਮਗਰੋਂ, ਉਨ੍ਹਾਂ ਨੇ ਪੰਜ ਚੂਲੇ ਅੰਮ੍ਰਿਤ ਦੇ ਉਨ੍ਹਾਂ ਨੂੰ ਪੀਣ ਲਈ ਦਿੱਤੇ । ਉਨ੍ਹਾਂ ਨੇ ਇਹ ਵੀ ਕਿਹਾ ਕਿ ਅੱਜ ਤੋਂ ਲੈ ਕੇ ਤੁਸੀਂ ਸਿੰਘ ਅਰਥਾਤ ਸ਼ੇਰ ਬਣ ਗਏ ਹੋ । ਤੁਸੀਂ ਕੇਸ ਰਖਣੇ ਹੋਣਗੇ, ਨਾਲੇ ਕੰਘਾ ਅਤੇ ਤਲਵਾਰ ਰਖਣੀ ਹੋਵੇਗੀ । ਹੱਥ ਵਿਚ ਕੜਾ ਅਤੇ ਤੇੜ ਕਛਹਿਰਾ ਜ਼ਰੂਰ ਪਹਿਨਣਾ ਹੋਵੇਗਾ । ਤੁਸੀਂ ਸ਼ਸਤਰ ਵਿਦਿਆ ਸਿਖੋ । ਰਣ-ਭੂਮੀ ਵਿਚੋਂ ਕਦੀ ਪਿੱਠ ਨਾ ਵਿਖਾਉਣੀ । ਤੁਸੀਂ ਗ਼ਰੀਬਾਂ ਦੀ ਸਦਾ ਸਹਾਇਤਾ ਕਰਨੀ ਹੋਵੇਗੀ, ਜਿਹੜੇ ਤੁਹਾਡੀ ਸਹਾਇਤਾ ਮੰਗਣ ਤੁਸੀਂ ਉਨ੍ਹਾਂ ਦੀ ਰੱਖਿਆ ਕਰਨੀ ਹੋਵੇਗੀ ।

ਜਦੋਂ ਪੰਜਾਂ ਸਿੰਘਾਂ ਨੇ ਅੰਮ੍ਰਿਤ ਪਾਣ ਕਰ ਲਿਆ, ਤਾਂ ਗੁਰੂ ਜੀ ਉਨ੍ਹਾਂ ਦੇ ਸਾਹਮਣੇ ਹੱਥ ਜੋੜ ਕੇ ਖੜ੍ਹੇ ਹੋ ਗਏ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮੈਨੂੰ ਵੀ ਅੰਮ੍ਰਿਤ ਛਕਾਓ । ਉਨ੍ਹਾਂ ਨੇ ਸੋਚਿਆ ਕਿ ਉਹ ਅਜਿਹਾ ਕਰਨ ਦੇ ਯੋਗ ਨਹੀਂ । ਪਰ ਗੁਰੂ ਜੀ ਨੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਜ਼ੋਰ ਦਿੱਤਾ । ਆਖ਼ਰ ਉਨ੍ਹਾਂ ਨੇ ਹੁਕਮ ਮੰਨ ਕੇ ਅਜਿਹਾ ਹੀ ਕੀਤਾ ਜੋ ਗੁਰੂ ਜੀ ਚਾਹੁੰਦੇ ਸਨ । ਗੁਰੂ ਜੀ ਨੇ ਅੰਮ੍ਰਿਤ ਛੱਕ ਲਿਆ । ਉਨ੍ਹਾਂ ਨੇ ਆਪਣੇ ਪੰਜਾਂ ਸਿੱਖਾਂ ਨੂੰ ''ਪੰਜ ਪਿਆਰਿਆਂ'' ਦੇ ਨਾਮ ਨਾਲ ਸੰਬੋਧਨ ਕੀਤਾ ।

Sri Satguru Jagjit Singh Ji eLibrary NamdhariElibrary@gmail.com

# ਅੰਮ੍ਰਿਤਸਰ

ਜਿਵੇਂ ਬਨਾਰਸ, ਹਿੰਦੂਆਂ ਦਾ ਪਵਿੱਤਰ ਸ਼ਹਿਰ ਮੰਨਿਆ ਜਾਂਦਾ ਹੈ ਤੇ ਮੱਕਾ ਮੁਸਲਮਾਨਾਂ ਦਾ ਇਵੇਂ ਹੀ ਅੰਮ੍ਰਿਤਸਰ, ਸਿੱਖਾਂ ਦਾ ਪਵਿੱਤਰ ਅਸਥਾਨ ਹੈ।

ਚਾਰ ਸੌ ਸਾਲ ਹੋਏ ਅੰਮ੍ਰਿਤਸਰ ਇੱਕ ਛੋਟਾ ਜਿਹਾ ਪਿੰਡ ਹੁੰਦਾ ਸੀ। ਚੌਥੇ ਗੁਰੂ ਸਾਹਿਬ, ਗੁਰੂ ਰਾਮਦਾਸ ਜੀ ਨੇ ਉੱਥੇ ਸਰੋਵਰ ਖੁਦ-ਵਾਇਆ, ਜਿਸ ਦਾ ਨਾਂ ਅੰਮ੍ਰਿਤਸਰ ਰਖਿਆ, ਅਰਥਾਤ ਜਿਸ ਦਾ ਜਲ ਪੀ ਕੇ ਅਮਰ ਹੋ ਜਾਈਦਾ ਹੈ, ਸਾਰਾ ਸ਼ਹਿਰ ਜਿਹੜਾ ਅੰਮ੍ਰਿਤ ਸਰੋਵਰ ਦੇ ਦੁਆਲੇ ਵਸਿਆ ਹੋਇਆ ਹੈ, ਉਸ ਨੂੰ ਗੁਰੂ ਰਾਮਦਾਸ ਜੀ ਦੇ ਵਸਾਉਣ ਕਾਰਣ ਰਾਮਦਾਸ ਪੁਰ ਕਿਹਾ ਜਾਂਦਾ ਸੀ।

ਅਗਲੇ ਗੁਰੂ ਸਾਹਿਬ, ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਤਾ ਦਾ ਕੰਮ ਜਾਰੀ ਰਖਿਆ। ਉਨ੍ਹਾਂ ਨੇ ਸਰੋਵਰ ਦੇ ਮੱਧ ਵਿਚ ਇਕ ਅਤਿ ਸੁੰਦਰ ਮੰਦਰ ਬਣਵਾਇਆ। ਇਸ ਨੂੰ ਹੁਣ ਸੁਨਹਿਰੀ ਮੰਦਰ ਦੇ ਨਾਮ ਨਾਲ ਸੱਦਿਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਸਿੱਖਾਂ ਦਾ ਇੱਕ ਪ੍ਰਸਿੱਧ ਸ਼ਹਿਰ ਬਣਾ ਦਿੱਤਾ ਅਤੇ ਇਸ ਦਾ ਨਾਂ "ਅੰਮ੍ਰਿਤਸਰ" ਰਖਿਆ।

ਇਹ ਸ਼ਹਿਰ ਵੱਧਦਾ ਗਿਆ। ਇਸ ਨੇ ਬੜੀ ਉੱਨਤੀ ਕੀਤੀ। ਜਦੋਂ ਸਿੱਖਾਂ ਨੇ ਸ਼ਸਤਰ ਚੁੱਕੇ, ਉਸ ਵੇਲੇ ਵੀ ਇਹ ਉਨ੍ਹਾਂ ਦਾ ਵਿਸ਼ੇਸ਼ ਸ਼ਹਿਰ ਰਿਹਾ।

ਅਠ੍ਹਾਰਵੀਂ ਸਦੀ ਦੇ ਅੱਧ ਵਿਚ ਅਹਿਮਦਸ਼ਾਹ ਅਬਦਾਲੀ ਇੱਕ ਅਫ਼ਗਾਨ ਹਮਲਾਵਰ ਨੇ ਅੰਮ੍ਰਿਤਸਰ ਉੱਤੇ ਹਮਲਾ ਕਰ ਦਿੱਤਾ, ਉਸ

Sri Satguru Jagjit Singh Ji eLibrary NamdhariElibrary@gmail.com

ਨੇ ਮੰਦਰ ਨੂੰ ਢਾਹ ਦਿੱਤਾ ਅਤੇ ਸਰੋਵਰ ਨੂੰ ਭਰਵਾ ਦਿੱਤਾ। ਇਸ ਘਟਨਾ ਨੇ ਸਿੱਖਾਂ ਨੂੰ ਬੜਾ ਸਦਮਾ ਪਹੁੰਚਾਇਆ।

ਪਰ ਸਿੱਖਾਂ ਨੇ ਸ਼ਹਿਰ ਨੂੰ ਫਿਰ ਤੋਂ ਉਸਾਰਨਾ ਸ਼ੁਰੂ ਕੀਤਾ। ਉਨ੍ਹਾਂ ਨੇ ਮੰਦਰ ਦੀ ਵੀ ਮੁਰੰਮਤ ਕੀਤੀ ਅਤੇ ਸਰੋਵਰ ਨੂੰ ਮੁੜ ਕੇ ਬਣਾਇਆ, ਅਤੇ ਸ਼ਹਿਰ ਨੂੰ ਕਈ ਤਰ੍ਹਾਂ ਸੁੰਦਰ ਬਣਾਇਆ।

ਅੰਮ੍ਰਿਤਸਰ ਉੱਨਤੀ ਕਰਦਾ ਗਿਆ ਤੇ ਵੱਧਦਾ ਗਿਆ। ਉਸ ਦੀ ਮਹੱਤਤਾ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਬਹੁਤ ਵੱਧੀ, ਜਦੋਂ ਉਸ ਨੇ ਪੰਜਾਬ ਉੱਤੇ ਰਾਜ ਕਰਨਾ ਸ਼ੁਰੂ ਕੀਤਾ। ਇਕ ਸ਼ਰਧਾਲੂ ਸਿੱਖ ਸਰਦਾਰ ਹੋਣ ਦੇ ਨਾਤੇ ਇਹ ਉਸ ਦੀ ਤੀਬਰ ਇੱਛਾ ਸੀ ਕਿ ਅੰਮ੍ਰਿਤਸਰ ਨੂੰ ਇੱਕ ਵੱਡਾ ਸ਼ਹਿਰ ਬਣਾ ਦੇਵੇ। ਉਹ ਹਰਿਮੰਦਰ ਸਾਹਿਬ ਨੂੰ ਵੀ ਬੜਾ ਸੁੰਦਰ ਬਣਾਉਣਾ ਚਾਹੁੰਦਾ ਸੀ। ਉਸ ਨੇ ਉਸ ਉੱਤੇ ਬਹੁਤ ਧਨ ਖ਼ਰਚ ਕੀਤਾ। ਉਸ ਨੇ ਮੰਦਰ ਉੱਤੇ ਸੋਨਾ ਚੜ੍ਹਵਾਇਆ, ਜਿਸ ਕਰ ਕੇ ਇਸ ਦਾ ਨਾਂ ਸੁਨਹਿਰੀ ਮੰਦਰ ਪੈ ਗਿਆ।

ਪਰੰਤੂ ਅੰਮ੍ਰਿਤਸਰ, ਕੇਵਲ ਸਿੱਖਾਂ ਲਈ ਹੀ ਮਹੱਤਵਪੂਰਣ ਨਹੀਂ। ਇਹ ਇੱਕ ਬੜਾ ਭਾਰੀ ਵਪਾਰਕ ਕੇਂਦਰ ਹੈ। ਇਥੇ ਸਾਲ ਵਿਚ ਦੋ ਮੇਲੇ ਲਗਦੇ ਹਨ ਜੋ ਬੜੇ ਪ੍ਰਸਿੱਧ ਹਨ। ਇੱਕ, ਅਪ੍ਰੈਲ ਵਿਚ ਵਿਸਾਖੀ ਦਾ; ਦੂਜਾ, ਨਵੰਬਰ ਵਿਚ ਦੀਵਾਲੀ ਦਾ। ਇਹ ਮੇਲੇ ਹਰ ਸਾਲ ਲਗਦੇ ਹਨ। ਪਹਿਲੇ ਪਹਿਲ ਇਹ ਮੇਲੇ ਕੇਵਲ ਧਾਰਮਿਕ ਮੰਨੇ ਜਾਂਦੇ ਸਨ, ਪਰੰਤੂ ਹੁਣ ਇਹ ਮੇਲੇ ਵਪਾਰਕ ਤੌਰ ਤੇ ਵੀ ਬੜੀ ਮਹੱਤਤਾ ਰਖਦੇ ਹਨ।

ਅੰਮ੍ਰਿਤਸਰ ਸ਼ਾਲਾਂ ਕਰਕੇ ਬਹੁਤ ਪ੍ਰਸਿੱਧ ਹੈ। ਇਹ ਸ਼ਾਲਾਂ ਕਸ਼ਮੀਰੀ ਜੁਲਾਹਿਆਂ ਦੀਆਂ ਬਣਾਈਆਂ ਹੋਈਆਂ ਹੁੰਦੀਆਂ ਹਨ। ਇਥੇ ਗ਼ਲੀਚੇ ਵੀ ਬਣਦੇ ਹਨ ਅਤੇ ਬਹੁਤ ਮਹਿੰਗੇ ਭਾਅ ਵਿਕਦੇ ਹਨ। ਇਹ ਸ਼ਹਿਰ ਰੇਸ਼ਮ ਦੀਆਂ ਚੀਜ਼ਾਂ ਕਰਕੇ ਵੀ ਪ੍ਰਸਿੱਧ ਹੈ। ਇਸ ਤੋਂ ਇਲਾਵਾ ਇਥੇ, ਸਾਬਣ, ਲਕੜੀ ਦਾ ਕੰਮ, ਹਾਥੀ ਦੰਦ ਦਾ ਕੰਮ ਅਤੇ ਪਿੱਤਲ ਦਾ ਕੰਮ ਬਹੁਤ ਹੁੰਦਾ ਹੈ। ਕਪੜੇ ਦਾ, ਅੰਨ ਦਾ ਅਤੇ ਘੀ ਦਾ ਵਪਾਰ ਬਹੁਤ ਹੁੰਦਾ ਹੈ।

Sri Satguru Jagjit Singh Ji eLibrary NamdhariElibrary@gmail.com

ਜੇ ਆਪ ਨੂੰ ਅੰਮ੍ਰਿਤਸਰ ਜਾਣ ਦਾ ਮੌਕਾ ਮਿਲੇ ਤਾਂ ਹਰਿਮੰਦਰ ਸਾਹਿਬ ਦੇ ਜ਼ਰੂਰ ਦਰਸ਼ਨ ਕਰਨਾ। ਇਸ ਦੀਆਂ ਦੀਵਾਰਾਂ ਸੰਗਮਰਮਰ ਦੀਆਂ ਹਨ। ਇਸ ਦਾ ਗੁੰਬਦ ਸੋਨੇ ਨਾਲ ਜੜਿਆ ਹੋਇਆ ਹੈ। ਗੁੰਬਦ ਦੇ ਹੇਠਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਹੁੰਦਾ ਹੈ। ਮੰਦਰ ਦੇ ਦੁਆਲੇ ਸਵੱਛ ਅਤੇ ਨਿਰਮਲ ਜੱਲ ਦਾ ਸਰੋਵਰ ਹੈ। ਚਾਰੇ ਪਾਸੇ ਦੀਆਂ ਇਮਾਰਤਾਂ ਵੀ ਵੇਖਣ ਯੋਗ ਹਨ।

ਸਭ ਤੋਂ ਵਧੇਰੇ ਵੇਖਣ ਯੋਗ ਸਥਾਨ, ਸ੍ਰੀ ਅਕਾਲ ਤਖ਼ਤ ਸਾਹਿਬ ਹੈ। ਅਕਾਲ ਤਖ਼ਤ ਦਾ ਅਰਥ ਹੈ, ਵਾਹਿਗੁਰੂ ਦਾ ਸਿੰਘਾਸਨ। ਇਸ ਅਸਥਾਨ ਉੱਤੇ, ਗੁਰੂ ਸਾਹਿਬਾਨ ਦੇ ਸ਼ਸਤਰ ਅਤੇ ਤਲਵਾਰਾਂ ਆਦਿ ਰਖੇ ਹੋਏ ਹਨ। ਇਥੇ ਇੱਕ ਬੜਾ ਉੱਚਾ ਮਿਨਾਰ ਹੈ, ਜਿਸ ਨੂੰ ਬਾਬਾ ਅਟੱਲ ਕਹਿੰਦੇ ਹਨ। ਇਹ ਗੁਰੂ ਹਰਿਗੋਬਿੰਦ ਜੀ ਦੇ ਸਪੁੱਤਰ ਦੀ ਯਾਦ ਵਿਚ ਬਣਵਾਇਆ ਗਿਆ ਸੀ। ਇਹ ਨੌਂ ਮੰਜ਼ਲਾ ਹੈ ਕਿਉਂਕਿ ਉਹ ਬੱਚਾ ਨੌਂ ਸਾਲ ਦਾ ਸੀ, ਜਦੋਂ ਉਸ ਦੀ ਮ੍ਰਿਤੂ ਹੋਈ। ਦੂਜਰੀਆਂ ਇਮਾਰਤਾਂ ਵੀ ਬੜੀਆਂ ਉੱਚੀਆਂ ਹਨ। ਜੇ ਆਪ ਸਾਰੇ ਸ਼ਹਿਰ ਦਾ ਨਜ਼ਾਰਾ ਵੇਖਣਾ ਚਾਹੁੰਦੇ ਹੋਵੋ ਤਾਂ ਆਪ ਪੂਰਬ ਵੱਲ ਦੇ ਕਿਸੇ ਮਿਨਾਰ ਦੇ ਸਿਖਰ ਉੱਤੇ ਚੜ੍ਹ ਕੇ ਵੇਖ ਸਕਦੇ ਹੋ।

ਦੂਸਰੀਆਂ ਥਾਵਾਂ, ਜਿਹੜੀਆਂ ਵੇਖਣ ਯੋਗ ਹਨ, ਉਨ੍ਹਾਂ ਵਿਚੋਂ ਇੱਕ ਨਗਰ ਪਾਲਕਾ ਦਾ ਸਭਾ-ਭਵਨ ਹੈ। ਇਸ ਭਵਨ ਵਿਚ ਪ੍ਰਸਿੱਧ ਅੰਗ੍ਰੇਜ਼ ਜਰਨੈਲਾਂ ਦੇ ਚਿੱਤ੍ਰ ਲਗੇ ਹੋਏ ਹਨ। ਦੂਸਰੀ ਵੇਖਣ ਯੋਗ ਇਮਾਰਤ ਹਾਲ ਬਜ਼ਾਰ ਵੱਡੀ ਮਸੀਤ ਹੈ। ਸੰਧਿਆ ਵੇਲੇ ਸੈਰ ਕਰਨ ਲਈ ਰਾਮ ਬਾਗ਼ ਦਾ ਸੁੰਦਰ ਸਥਾਨ ਹੈ, ਜਿਥੇ ਮਹਾਰਾਜਾ ਰਣਜੀਤ ਸਿੰਘ ਰੰਗ-ਰਲੀਆਂ ਮਨਾਇਆ ਕਰਦੇ ਸਨ। ਨਗਰ ਦੇ ਪੱਛਮ ਵਿਚ ਸਥਿਤ ਗੋਬਿੰਦ ਗੜ੍ਹ ਦਾ ਕਿਲ੍ਹਾ ਹੈ। ਇਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ। ਇਹ ਅੱਜ ਵੀ ਵੇਖਣ ਯੋਗ ਹੈ।

ਸਰੋਵਰ ਦੇ ਵਿਚਕਾਰ ਬਣਾਇਆ ਹੋਇਆ ਹਿੰਦੂਆਂ ਦਾ, ਦੁਰ-

Sri Satguru Jagjit Singh Ji eLibrary NamdhariElibrary@gmail.com

ਗਿਆਨੇ ਦਾ ਮੰਦਰ ਹੈ। ਇਥੇ ਹਰ ਰੋਜ਼ ਬਹੁਤ ਲੋਕ ਜਾਂਦੇ ਹਨ। ਲੋਕ ਖ਼ਾਲਸਾ ਕਾਲਜ ਵੀ ਵੇਖਣ ਲਈ ਜਾਂਦੇ ਹਨ। ਇਸ ਦੀ ਇਮਾਰਤ ਬਹੁਤ ਸੁੰਦਰ ਹੈ ਅਤੇ ਖੇਡਣ ਦੇ ਮੈਦਾਨ ਬਹੁਤ ਸਾਰੇ ਹਨ। ਇਥੇ ਪੰਜਾਬ ਦੇ ਸਾਰਿਆਂ ਕੋਨਿਆਂ ਤੋਂ ਸਿੱਖ ਵਿਦਿਆਰਥੀ ਪੜ੍ਹਨ ਲਈ ਆਉਂਦੇ ਹਨ।

Sri Satguru Jagjit Singh Ji eLibrary NamdhariElibrary@gmail.com

# ਸਿੱਖ ਸਿਪਾਹੀ

ਭਾਰਤ ਵਿਚ ਬਹੁਤ ਸਾਰੀਆਂ ਜੰਗ-ਜੂ ਕੌਮਾਂ ਹਨ—ਜਿਵੇਂ ਕਿ ਡੋਗਰੇ। ਇਹ ਸਥਿਰ, ਉੱਤਮ ਅਤੇ ਠਰ੍ਹੰਮੇ ਵਾਲੇ ਯੋਧੇ ਹਨ। ਦੂਸਰੇ ਜੱਟ ਹਨ। ਇਹ ਕੱਦ-ਆਵਰ ਹਨ, ਕੁਝ ਢਿੱਲੇ ਅਤੇ ਸੁੱਸਤ ਪਰ ਹਠੀਲੇ ਯੋਧੇ ਹਨ। ਤੀਸਰੇ ਪਠਾਣ ਹਨ। ਇਹ ਬੜੇ ਛੋਹਲੇ ਹਨ। ਚੌਥ ਗੜ੍ਹਵਾਲੀਏ ਹਠ। ਇਹ ਬਹੁਤ ਬਹਾਦਰ ਹੁੰਦੇ ਹਨ।

ਇਨ੍ਹਾਂ ਸਾਰਿਆਂ ਨਾਲੋਂ ਸਿੱਖ ਸਭ ਤੋਂ ਚੰਗੇ ਫ਼ੌਜੀ ਸਿਪਾਹੀ ਹੁੰਦੇ ਹਨ। ਕੁਝ ਦੇਰ ਹੋਈ ਕਿ ਇੱਕ ਅੰਗਰੇਜ਼ ਨੇ ਸਿੱਖ ਸਿਪਾਹੀਆਂ ਦੀ ਬਾਬਤ ਲਿਖਿਆ ਸੀ ਕਿ "ਇਹ ਬਹੁਤ ਬਹਾਦਰ ਯੋਧੇ ਹਨ; ਭੁੱਖ, ਸਰਦੀ ਆਦਿ ਨੂੰ ਜਰ ਸਕਦੇ ਹਨ। ਇਨ੍ਹਾਂ ਲਈ ਪੰਜਾਹ ਮੀਲ ਦਿਹਾੜੀ ਵਿਚ ਸਫ਼ਰ ਕਰਨਾ ਕੁਝ ਵੀ ਨਹੀਂ। ਇਹ ਛੱਤੀ ਪ੍ਰਕਾਰ ਦੇ ਭੋਜਨਾਂ ਦੀ ਪ੍ਰਵਾਹ ਨਹੀਂ ਕਰਦੇ। ਇਹ ਭੁੱਜੇ ਹੋਏ ਛੋਲੇ ਖਾ ਕੇ ਅਤੇ ਠੰਡਾ ਪਾਣੀ ਪੀ ਕੇ ਗੁਜ਼ਾਰਾ ਕਰ ਸਕਦੇ ਹਨ। ਜਦੋਂ ਉਹ ਕੂਚ ਕਰਦੇ ਹਨ ਤਾਂ ਕੋਈ ਤੰਬੂ ਆਦਿ ਨਾਲ ਨਹੀਂ ਲੈ ਜਾਂਦੇ। ਉਹ ਕਿਸੇ ਸਮਾਨ ਦੀ ਪ੍ਰਵਾਹ ਨਹੀਂ ਕਰਦੇ। ਉਹ ਕੇਵਲ ਇੱਕ ਗੜਵਾ ਅਤੇ ਦੋ ਕੰਬਲ ਨਾਲ ਚੁੱਕਦੇ ਹਨ। ਇੱਕ ਕੰਬਲ ਉਹ ਆਪਣੇ ਉਪਰ ਲੈਂਦੇ ਹਨ ਅਤੇ ਦੂਸਰੇ ਕੰਬਲ ਨੂੰ ਉਹ ਆਪਣੇ ਘੋੜੇ ਨੂੰ ਸਰਦੀ ਤੋਂ ਬਚਾਉਣ ਲਈ ਵਰਤਦੇ ਹਨ।"

ਕਈ ਸਾਲ ਹੋਏ ਇਹ ਗੱਲ ਸਿੱਖ ਸਿਪਾਹੀਆਂ ਦੀ ਬਾਬਤ ਲਿਖੀ ਗਈ ਸੀ। ਇਸ ਦਾ ਇਹ ਅਰਥ ਨਹੀਂ ਕਿ ਉਹ ਹੁਣ ਬਦਲ ਗਏ ਹਨ। ਕਿਉਂਕਿ ਉਹ ਹੁਣ ਵੀ ਉਤਨੇ ਹੀ ਬਹਾਦਰ ਹਨ, ਜਿੰਨੇ ਕਿ

Sri Satguru Jagjit Singh Ji eLibrary NamdhariElibrary@gmail.com

ਪਹਿਲੇ ਸਨ ।

ਸੰਸਾਰ ਯੁੱਧ ਦੇ ਸਮੇਂ, ਜਿਹੜਾ ਯੁੱਧ ਜਰਮਨਾਂ ਦੇ ਵਿਰੁੱਧ ਲੜਿਆ ਗਿਆ ਸੀ, ਸਿੱਖ ਸੰਸਾਰ ਭਰ ਦੇ ਸਭ ਤੋਂ ਚੰਗੇ ਯੋਧਿਆਂ ਵਿਚੋਂ ਗਿਣੇ ਗਏ ਸਨ । ਇਹ ਹੇਠ ਲਿਖੀਆਂ ਘਟਨਾਵਾਂ ਤੋਂ ਸਿੱਧ ਹੋ ਜਾਵੇਗਾ ।

ਇੱਕ ਹਵਾਲਦਾਰ, ਜਿਹੜਾ ਜਮਨਾਸਟਿਕ ਸਿਖਾਇਆ ਕਰਦਾ ਸੀ, ਇੱਕ ਫੌਜ ਦੀ ਟੁਕੜੀ ਦੀ ਕਮਾਨ ਕਰ ਰਿਹਾ ਸੀ । ਅਚਾਨਕ ਜਰਮਨਾਂ ਨੇ ਉਸ ਦੇ ਅਤੇ ਉਸ ਦੇ ਸਿਪਾਹੀਆਂ ਉੱਤੇ ਹਮਲਾ ਕਰ ਦਿੱਤਾ । ਇਸ ਕਾਰਣ ਬਹੁਤ ਸਾਰੇ ਸਿਪਾਹੀ ਮਾਰੇ ਗਏ । ਤਾਂ ਵੀ ਹਵਾਲਦਾਰ ਨੇ ਦਿਲ ਨਾ ਛੱਡਿਆ ਅਤੇ ਆਪਣੀ ਸੰਗੀਨ ਨਾਲ ਲੜਦਾ ਰਿਹਾ । ਇਉਂ ਉਸ ਨੇ ਕਈ ਦੁਸ਼ਮਣਾਂ ਨੂੰ ਮਾਰ ਦਿੱਤਾ । ਕੁਝ ਦੇਰ ਮਗਰੋਂ ਉਸ ਨੂੰ ਪਤਾ ਲੱਗਾ ਕਿ ਉਸ ਦਾ ਸ਼ਸਤਰ ਮੁੜ ਗਿਆ ਹੈ ਅਤੇ ਖੁੰਢਾ ਹੋ ਗਿਆ ਹੈ । ਇਸ ਨਾਲ ਵੀ ਉਸ ਦਾ ਦਿਲ ਨਾ ਢੱਠਾ । ਉਸ ਨੇ ਇਕ ਮਰਦੇ ਹੋਏ ਸਿਪਾਹੀ ਦੇ ਹੱਥੋਂ ਤਲਵਾਰ ਲੈ ਲਈ ਅਤੇ ਲੜਦਾ ਗਿਆ । ਪੰਜ ਜ਼ਖਮ ਲੱਗ ਜਾਣ ਦੇ ਮਗਰੋਂ ਵੀ ਉਸ ਨੇ ਆਪਣੀ ਤਲਵਾਰ ਨਾ ਛੱਡੀ । ਉਹ ਯੁੱਧ-ਭੂਮੀ ਵਿਚੋਂ ਜਿੱਤ ਕੇ ਨਿਕਲਿਆ । ਪਰ ਬਹੁਤ ਬੀਮਾਰ ਹੋ ਗਿਆ । ਪੂਰੇ ਇੱਕ ਸਾਲ ਮਗਰੋਂ ਉਸ ਦੇ ਜ਼ਖ਼ਮ ਠੀਕ ਹੋਏ ।

ਇੱਕ ਹੋਰ ਕਹਾਣੀ ਹੈ, ਜਿਸ ਨਾਲ ਸਾਨੂੰ ਸਿੱਖ ਸਿਪਾਹੀ ਦੀ ਬਹਾ-ਦਰੀ ਦਾ ਪਤਾ ਲਗਦਾ ਹੈ । ਇਹ ਫ਼ਰਾਂਸ ਵਿਚ ਵਾਪਰੀ ।

ਇੱਕ ਖਾਈ ਉੱਤੇ ਪੰਦਰ੍ਹਵੀਂ ਸਿੱਖ ਕੰਪਨੀ ਦਾ ਕਬਜ਼ਾ ਸੀ । ਸਾਹਮਣੇ ਪਾਸੇ ਦੁਸ਼ਮਣ ਹਜ਼ਾਰਾਂ ਦੀ ਗਿਣਤੀ ਵਿਚ ਹਮਲਾ ਕਰਨ ਦੀ ਸੋਚ ਰਿਹਾ ਸੀ ।

ਸਫ਼ਲਤਾ ਪੂਰਵਕ ਲੜਨ ਲਈ, ਸਿੱਖਾਂ ਨੂੰ ਬੰਬ ਚਾਹੀਦੇ ਸਨ । ਪਰ ਉਹ ਬੰਬ ਕਿਥੋਂ ਲੈਂਦੇ ?

ਇੱਕ ਅਫ਼ਸਰ ਨੇ ਇਕ ਸੌ ਪੰਜਾਹ ਗਜ਼ ਦੀ ਦੂਰੀ ਤੋਂ ਬੰਬ ਲੈ ਕੇ ਆਉਣ ਲਈ ਆਪਣੇ ਆਪ ਨੂੰ ਪੇਸ਼ ਕੀਤਾ । ਪਰ ਕੀ ਇਹ ਉਹ

Sri Satguru Jagjit Singh Ji eLibrary NamdhariElibrary@gmail.com

ਇਕੱਲਾ ਲਿਆ ਸਕਦਾ ਸੀ ?

ਦਸ ਸਿੱਖਾਂ ਨੇ ਉਸ ਦੇ ਨਾਲ ਜਾਣ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਇੱਕ ਸੌ ਬੰਬ ਸੰਦੂਕਾਂ ਵਿਚ ਪਾ ਕੇ ਉਹ ਤੁਰ ਪਏ। ਅਜੇ ਉਹ ਸੱਠ ਗਜ਼ ਹੀ ਗਏ ਹੋਣਗੇ ਕਿ ਸਖ਼ਤ ਗੋਲਾਬਾਰੀ ਸ਼ੁਰੂ ਹੋ ਗਈ। ਉਹ ਇੱਕ ਇੱਕ ਕਰਕੇ ਮਰਨ ਲੱਗੇ। ਕੇਵਲ ਤਿੰਨ ਬਾਕੀ ਰਹਿ ਗਏ, ਜਿਸ ਵੇਲੇ ਉਹ ਤੀਹ ਗਜ਼ ਦੇ ਫ਼ਾਸਲੇ ਤੇ ਪੁੱਜੇ। ਪਰ ਬੰਬ ਬਿਲਕੁਲ ਸੁਰੱਖਿਅਤ ਸਨ ।

ਐਨੇ ਨੂੰ ਜਰਮਨਾਂ ਨੂੰ ਇਹ ਪਤਾ ਲੱਗ ਗਿਆ ਕਿ ਇਹ ਸਿਪਾਹੀ ਕਿਉਂ ਆ ਰਹੇ ਸਨ। ਉਨ੍ਹਾਂ ਨੇ ਐਨੀਆਂ ਗੋਲੀਆਂ ਦੀ ਬੁਛਾੜ ਕੀਤੀ ਕਿ ਇਨ੍ਹਾਂ ਲਈ ਅੱਗੇ ਵੱਧਣਾ ਅਸੰਭਵ ਹੋ ਗਿਆ। ਇਸ ਲਈ ਸੰਦੂਕਾਂ ਨੂੰ ਤੋੜ ਕੇ ਖੋਲ੍ਹ ਲਿਆ ਗਿਆ। ਤਿੰਨ ਸਿੱਖ ਜਿੰਨੇ ਬੰਬ ਚੁੱਕ ਸਕਦੇ ਸਨ, ਲੈ ਗਏ। ਉਨ੍ਹਾਂ ਵਿਚੋਂ ਇੱਕ ਗੋਲੀ ਨਾਲ ਮਾਰ ਦਿੱਤਾ ਗਿਆ। ਹੁਣ ਕੇਵਲ ਦੋ ਰਹਿ ਗਏ। ਉਹ ਦੋਵੇਂ ਮੁਰਦਿਆਂ ਅਤੇ ਜ਼ਖ਼ਮੀਆਂ ਉੱਤੋਂ ਦੀ ਰੀਂਘ ਰੀਂਘ ਕੇ ਚਲਦੇ ਗਏ। ਪਾਣੀ ਅਤੇ ਚਿੱਕੜ ਵਿਚੋਂ ਦੀ ਲੰਘ ਕੇ ਆਖ਼ਰ ਉਹ ਆਪਣੇ ਨਿਸ਼ਾਨੇ ਤੇ ਪਹੁੰਚ ਹੀ ਗਏ।

ਇਕ ਅੰਗਰੇਜ਼ ਜਰਨੈਲ, ਜਿਸ ਨੂੰ ਇਹ ਕਹਾਣੀ ਸੁਣਾਈ ਗਈ ਸੀ, ਨੇ ਕਿਹਾ ਕਿ "ਇਸ ਕਹਾਣੀ ਨੂੰ ਸੁਣ ਕੇ ਕੌਣ ਸ਼ੱਕ ਕਰ ਸਕਦਾ ਹੈ ਕਿ ਸਿੱਖ ਸੱਚਮੁਚ ਹੀ ਸਿੰਘ (ਸ਼ੇਰ) ਹਨ।

Sri Satguru Jagjit Singh Ji eLibrary NamdhariElibrary@gmail.com

# ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ

ਸੰਨ 1837 ਵਿਚ ਅੰਮ੍ਰਿਤਸਰ ਸ਼ਹਿਰ ਵਿਚ ਬੜੀਆਂ ਖ਼ੁਸ਼ੀਆਂ ਅਤੇ ਰੰਗ-ਰਲੀਆਂ ਮਨਾਈਆਂ ਗਈਆਂ। ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ, ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਹੋਣ ਵਾਲੀ ਸੀ। ਮਹਾਰਾਜਾ ਸਾਹਿਬ ਦੀ ਇੱਛਾ ਸੀ ਕਿ ਇਹ ਸ਼ਾਦੀ, ਪੰਜਾਬ ਵਿਚ ਆਪਣੀ ਕਿਸਮ ਦੀ ਆਪ ਹੋਣੀ ਚਾਹੀਦੀ ਹੈ। ਮਹਾਰਾਜਾ ਸਾਹਿਬ ਅਤੇ ਸਰਦਾਰਾਂ ਨੇ ਬਹੁਤ ਸਮਾਂ ਅਤੇ ਧਨ ਖ਼ਰਚ ਕੀਤਾ ਕਿ ਕਿਸੇ ਤਰ੍ਹਾਂ ਇਸ ਖ਼ੁਸ਼ੀਆਂ ਭਰੇ ਸਮੇਂ ਦੀ ਤਿਆਰੀ ਚੰਗੀ ਤਰ੍ਹਾਂ ਹੋ ਸਕੇ।

ਇਸ ਸ਼ਾਦੀ ਵਿਚ ਸ਼ਾਮਲ ਹੋਣ ਲਈ ਮਹਾਰਾਜਾ ਪਟਿਆਲਾ, ਜੀਂਦ, ਨਾਭਾ, ਫ਼ਰੀਦਕੋਟ, ਮਲੇਰ-ਕੋਟਲੇ ਦਾ ਨਵਾਬ, ਅਤੇ ਕਪੂਰਥਲੇ ਦੇ ਸਰਦਾਰ, ਆਏ ਹੋਏ ਸਨ। ਇਨ੍ਹਾਂ ਤੋਂ ਇਲਾਵਾ, ਪਹਾੜੀ ਰਾਜੇ, ਮੰਡੀ ਅਤੇ ਨੂਰਪੁਰ ਤੋਂ ਵੀ ਆਏ। ਅੰਗਰੇਜ਼ ਅਫ਼ਸਰ ਜਿਨ੍ਹਾਂ ਨੂੰ ਸੱਦਾ ਦਿੱਤਾ ਗਿਆ ਸੀ, ਉਨ੍ਹਾਂ ਵਿਚੋਂ ਕੇਵਲ ਅੰਗਰੇਜ਼ ਫ਼ੌਜਾਂ ਦੇ ਸੈਨਾਪਤੀ ਸਰ ਹੈਨਰੀ ਫੇਨ ਹੀ ਆ ਸਕੇ।

ਸਤਲੁਜ ਦੇ ਕਿਨਾਰੇ, ਹਰੀ ਕੇ ਪੱਤਣ ਉੱਤੇ ਸਭ ਤੋਂ ਪਹਿਲਾਂ ਜਰਨੈਲ ਸਾਹਿਬ ਨੂੰ ਕੰਵਰ ਸ਼ੇਰ ਸਿੰਘ ਆਦਿ ਮਿਲੇ। ਅੰਮ੍ਰਿਤਸਰ ਤੋਂ ਪੰਜ ਮੀਲ ਦੀ ਦੂਰੀ ਉੱਤੇ ਸਰ ਹੈਨਰੀ ਫੇਨ ਦਾ ਕੰਵਰ ਖੜਕ ਸਿੰਘ, ਪ੍ਰਧਾਨ ਮੰਤ੍ਰੀ ਅਤੇ ਹੋਰ ਵੱਡੇ ਸਰਦਾਰਾਂ ਨੇ ਸਵਾਗਤ ਕੀਤਾ। ਪਹਿਲੇ, ਉਨ੍ਹਾਂ ਨੂੰ 5,000 ਰੁਪਏ ਦੀ ਥੈਲੀ ਭੇਟਾ ਕੀਤੀ ਕਿ ਉਹ ਦਾਨ ਕਰ ਦੇਣ। ਫਿਰ ਉਨ੍ਹਾਂ ਨੂੰ ਉਨ੍ਹਾਂ ਦੇ ਟਿਕਾਣੇ ਤੇ ਲੈ ਜਾਇਆ ਗਿਆ। ਉਸ ਵੇਲੇ ਉਨ੍ਹਾਂ ਦੇ ਨਾਲ 3,000 ਘੋੜ-ਸਵਾਰ ਸਨ, ਜਿਨ੍ਹਾਂ ਦੇ ਹੀਰਿਆਂ ਜੜੇ

Sri Satguru Jagjit Singh Ji eLibrary NamdhariElibrary@gmail.com

ਕਪੜੇ ਚਮਕਾਂ ਮਾਰ ਰਹੇ ਸਨ ।

ਜਿਨ੍ਹਾਂ ਨੇ ਕਮਾਂਡਰ-ਇਨ-ਚੀਫ਼ ਦਾ ਸੁਆਗਤ ਕੀਤਾ, ਉਨ੍ਹਾਂ ਵਿਚੋਂ ਪ੍ਰਧਾਨ ਮੰਤ੍ਰੀ ਰਾਜਾ ਧਿਆਨ ਸਿੰਘ ਆਪਣੀ ਠਾਠ-ਬਾਠ ਵਿਚ, ਬੜੇ ਸ਼ਾਨਦਾਰ ਲੱਗ ਰਹੇ ਸਨ । ਉਨ੍ਹਾਂ ਦੀ ਪੁਸ਼ਾਕ ਬਹੁਤ ਹੀ ਕੀਮਤੀ ਸੀ । ਉਨ੍ਹਾਂ ਦੀ ਸਾਰੀ ਪੁਸ਼ਾਕ ਉੱਤੇ ਨਗ ਜੜੇ ਹੋਏ ਸਨ । ਜਿਸ ਘੋੜੇ ਉੱਤੇ ਸਵਾਰ ਸਨ, ਉਹ ਈਰਾਨ ਤੋਂ ਲਿਆਂਦਾ ਗਿਆ ਸੀ । ਇਸ ਦੀ ਕਾਠੀ ਅਤੇ ਵਾਗਾਂ ਉੱਤੇ ਸੁਨਹਿਰੀ ਕੰਮ ਕੀਤਾ ਹੋਇਆ ਸੀ । ਆਖਿਆ ਜਾਂਦਾ ਹੈ ਕਿ ਪ੍ਰਧਾਨ ਮੰਤ੍ਰੀ ਦੀ ਛਾਤੀ ਉੱਤੇ ਫ਼ਰਾਂਸ ਦੀ ਸੰਜੋਅ ਚਮਕ ਰਹੀ ਸੀ ।

ਕਮਾਂਡਰ ਸਾਹਿਬ ਨੂੰ ਵਿਸ਼ਰਾਮ-ਘਰ ਵਿਖੇ ਲਿਜਾਇਆ ਗਿਆ, ਜਿਥੇ ਉਨ੍ਹਾਂ ਨੂੰ ਸੋਨੇ ਦੀਆਂ 2100 ਬੁਦਕੀਆਂ ਅਤੇ 500 ਮਠਿਆਈ ਦੇ ਥਾਲ ਭੇਟਾ ਕੀਤੇ ਗਏ ।

ਅਗਲੇ ਦਿਨ ਉਹ ਮਹਾਰਾਜਾ ਨੂੰ ਰਾਮ ਬਾਗ਼ ਦੇ ਬੰਗਲੇ ਵਿਖੇ ਮਿਲੇ । ਭਾਵੇਂ ਸ਼ੇਰੇ ਪੰਜਾਬ ਬ੍ਰਿਧ ਹੋ ਗਏ ਸਨ ਪਰ ਫਿਰ ਵੀ ਅਜੇ ਤਕੜੇ ਸਨ । ਉਨ੍ਹਾਂ ਨੇ ਪੀਲਾ ਬਾਣਾ ਪਹਿਨਿਆ ਹੋਇਆ ਸੀ, ਅਤੇ ਹਾਥੀ ਦੇ ਉੱਤੇ ਸਵਾਰ ਸਨ । ਉਨ੍ਹਾਂ ਦੇ ਪਿਛੇ ਉਨ੍ਹਾਂ ਦੇ ਸਰਦਾਰ ਸੋਨੇ ਚਾਂਦੀ ਅਤੇ ਹੀਰੇ ਪਹਿਨੀ ਚਲੇ ਆ ਰਹੇ ਸਨ ।

ਮਹਾਰਾਜਾ ਦੇ ਮਹਿਲ ਦੇ ਸਾਹਮਣੇ ਇੱਕ ਚੰਦੋਏ ਦੇ ਹੇਠਾਂ ਮਿਲਣੀ ਦਾ ਸਮਾਗਮ ਹੋਇਆ । ਕਿਹਾ ਜਾਂਦਾ ਹੈ ਕਿ ਫ਼ਰਸ਼ ਉੱਤੇ ਕਸ਼ਮੀਰੀ ਕਾਲੀਨ ਵਿਛੇ ਹੋਏ ਸਨ, ਅਤੇ ਛਤਰ ਨੂੰ ਚਾਂਦੀ ਦੀਆਂ ਚੋਬਾਂ ਲਗੀਆਂ ਹੋਈਆਂ ਸਨ । ਜਰਨੈਲ ਨੂੰ ਮਿਲਣ ਵੇਲੇ ਮਹਾਰਾਜ ਸਾਹਿਬ ਨੇ ਅੰਗਰੇਜ਼ੀ ਫ਼ੋਜਾਂ ਅਤੇ ਉਨ੍ਹਾਂ ਦੇ ਲੜਨ ਢੰਗਾਂ ਦੀ ਬਾਬਤ ਬਹੁਤ ਸਵਾਲ ਪੁੱਛੇ ।

ਉਸੇ ਦਿਨ, ਲਾੜੇ ਨੂੰ ਸ਼ਾਦੀ ਦੇ ਤੋਹਫ਼ੇ ਭੇਟਾ ਕੀਤੇ ਗਏ । ਸਰ ਹੈਨਰੀ ਫੇਨ ਨੇ ਗਿਆਰਾਂ ਹਜ਼ਾਰ ਰੁਪਏ ਭੇਟਾ ਕੀਤੇ ਅਤੇ ਰਾਜਾ ਧਿਆਨ ਸਿੰਘ ਨੇ ਇਕ ਲੱਖ, ਪੰਝੀ ਹਜ਼ਾਰ ਰੁਪਏ ਭੇਟਾ ਕੀਤੇ । ਸਾਰੀਆਂ ਭੇਟਾ ਕੁਲ, ਪੰਜਾਹ ਲੱਖ ਰੁਪਏ ਦੀਆਂ ਸਨ ।

Sri Satguru Jagjit Singh Ji eLibrary NamdhariElibrary@gmail.com

ਅਗਲੇ ਦਿਨ ਲਾੜੇ ਨੂੰ, ਹਰਿਮੰਦਰ ਤੋਂ ਸ਼ਾਦੀ ਦੇ ਮੁਕਟ ਦਾ ਸਿਰੋਪਾ ਪ੍ਰਾਪਤ ਹੋਇਆ। ਮਹਾਰਾਜੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 500 ਰੁਪਏ ਦੀ ਭੇਟਾ ਕੀਤੀ। ਹੋਰ ਵੀ ਕਾਫ਼ੀ ਰਕਮ ਦਾਨ ਪੁੰਨ ਲਈ ਦਿੱਤੀ।

ਤੀਜੇ ਪਹਿਰ ਜੰਝ ਅਟਾਰੀ ਲਈ ਰਵਾਨਾ ਹੋਈ। ਇਹ ਅੰਮ੍ਰਿਤਸਰ ਦੇ ਜ਼ਿਲ੍ਹੇ ਵਿਚ ਹੈ। ਇਥੇ ਲਾੜੀ ਦੇ ਪਿਤਾ ਰਹਿੰਦੇ ਸਨ। ਰਸਤੇ ਵਿਚ ਮਹਾਰਾਜੇ ਨੇ ਹਜ਼ਾਰਾਂ ਗ਼ਰੀਬ ਲੋਕਾਂ ਵਿਚ, ਜਿਹੜੇ ਸੜਕ ਦੇ ਦੋਨੋਂ ਪਾਸੇ ਕਤਾਰਾਂ ਵਿਚ ਖੜੇ ਸਨ, ਰੁਪਏ ਵਾਰ ਕੇ ਸੁੱਟੇ।

ਇਉਂ ਜੰਝ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੇ ਘਰ ਪਹੁੰਚੀ। ਉਥੇ ਤੋਪਾਂ ਦਾਗ਼ੀਆਂ ਗਈਆਂ, ਢੋਲ ਵਜਾਏ ਗਏ ਅਤੇ ਸ਼ਹਿਨਾਈਆਂ ਵਜਾਈਆਂ ਗਈਆਂ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਇੱਕ ਸੌ ਇੱਕ ਸੋਨੇ ਦੀਆਂ ਮੋਹਰਾਂ ਅਤੇ ਪੰਜ ਘੋੜੇ ਮਹਾਰਾਜੇ ਦੀ ਭੇਟਾ ਕੀਤੇ। ਹੋਰ ਸਰਦਾਰ ਅਤੇ ਕੰਵਰਾਂ ਨੂੰ ਵੀ ਆਪਣੇ ਆਪਣੇ ਰੁਤਬੇ ਦੇ ਮੁਤਾਬਕ ਮੋਹਰਾਂ ਅਤੇ ਘੋੜੇ ਮਿਲੇ।

ਤਦ ਲਾੜੇ ਨੂੰ ਸ਼ਾਮ ਸਿੰਘ ਅਟਾਰੀ ਵਾਲੇ ਦੇ ਮਹਿਲ ਅੰਦਰ ਲਿਜਾਇਆ ਗਿਆ। ਇਥੇ ਸਾਰੇ ਜਣੇ ਉਹਦਾ ਸੁਆਗਤ ਕਰਨ ਲਈ ਉਡੀਕ ਰਹੇ ਸਨ। ਪਹਿਲਾਂ ਉਨ੍ਹਾਂ ਦੀ ਹਾਜ਼ਰ ਲੋਕਾਂ ਨਾਲ ਜਾਣ-ਪਛਾਣ ਕਰਾਈ ਗਈ। ਇਸ ਮਗਰੋਂ ਅਨੰਦ ਕਾਰਜ ਹੋਇਆ, ਇਸ ਉਪਰੰਤ ਆਤਸ਼ਬਾਜ਼ੀ ਚਲਾਈ ਗਈ।

ਅਗਲੇ ਦਿਨ ਖੁਲ੍ਹੇ ਮੈਦਾਨ ਵਿਚ ਕਨਾਤਾਂ ਲਗਾਈਆਂ ਗਈਆਂ। ਇਹ ਪੰਜ ਮੀਲ ਦੇ ਘੇਰੇ ਵਿਚ ਸਨ ਅਤੇ ਇਸ ਦੇ ਅੱਸੀ ਦਰਵਾਜ਼ੇ ਸਨ। ਸਾਰੇ ਦਰਵਾਜ਼ਿਆਂ ਉੱਤੇ ਸਿਪਾਹੀ ਖੜ੍ਹੇ ਸਨ। ਉਨ੍ਹਾਂ ਦੀ ਜ਼ਿੰਮੇਵਾਰੀ ਸੀ ਇਹ ਵੇਖਣ ਕਿ ਕੋਈ ਵੀ ਰੁਪਏ ਲਏ ਬਿਨਾਂ ਨਾ ਜਾਏ ਅਤੇ ਜਿਹੜਾ ਰੁਪਿਆ ਲੈ ਲੈਂਦਾ ਹੈ ਉਹ ਦੂਸਰੀ ਵਾਰੀ ਫਿਰ ਨਾ ਆ ਜਾਵੇ। ਕਹਿੰਦੇ ਹਨ ਇਉਂ ਲੱਖ ਤੋਂ ਵੱਧ ਰੁਪਏ ਵੰਡੇ ਗਏ।

ਇਹ ਭੰਡਾਰਾ ਬੜਾ ਸ਼ਾਨਦਾਰ ਸੀ। ਦਾਜ ਦਾਉਣ ਵੀ ਉਤਨਾ ਹੀ

Sri Satguru Jagjit Singh Ji eLibrary NamdhariElibrary@gmail.com

ਚੰਗਾ ਸੀ। ਲਾੜੇ ਨੂੰ ਸੌ ਘੋੜੇ ਸੋਨੇ ਦੀਆਂ ਕਾਠੀਆਂ ਅਤੇ ਵਾਗਾਂ ਵਾਲ਼ੇ, ਇੱਕ ਸੌ ਇੱਕ ਗਊਆਂ, ਇੱਕ ਸੌ ਇੱਕ ਮੱਝਾਂ, ਇੱਕ ਸੌ ਊਠ, ਗਿਆਰਾਂ ਹਾਥੀ, ਹਜ਼ਾਰਾਂ ਰੁਪਿਆਂ ਦੇ ਗਹਿਣੇ, ਸੋਨੇ ਅਤੇ ਚਾਂਦੀ ਦੇ ਭਾਂਡੇ, ਰੇਸ਼ਮ, ਸ਼ਾਲਾਂ, ਹੀਰੇ ਜਵਾਹਰਾਤ, ਮੋਤੀ ਆਦਿ ਦਿੱਤੇ ਗਏ। ਲਾੜੀ ਦੇ ਕਪੜੇ ਅਣਗਿਣਤ ਸਨ। ਉਹ ਸਾਰੇ ਇੱਕ ਏਕੜ ਧਰਤੀ ਉੱਤੇ ਖਲੇਰ ਕੇ ਦਿਖਾਏ ਗਏ।

ਸ਼ਾਦੀ ਮਗਰੋਂ, ਜੰਞ ਲਾਹੌਰ ਪੁੱਜੀ। ਅਗਲੇ ਦਿਨ, ਸ਼ਾਲਾਮਾਰ ਬਾਗ਼ ਵਿਚ ਇੱਕ ਸ਼ਾਨਦਾਰ ਪ੍ਰੀਤੀ-ਭੋਜਨ ਦਿੱਤਾ ਗਿਆ। ਬਾਗ਼ ਨੂੰ ਦੀਵਿਆਂ ਨਾਲ ਜਗ-ਮਗ ਕੀਤਾ ਗਿਆ ਸੀ। ਚਾਰੇ ਪਾਸੇ ਫੁੱਲ ਹੀ ਫੁੱਲ ਦਿਸਦੇ ਸਨ। ਇਉਂ ਜਾਪਦਾ ਸੀ ਕਿ ਜਿਵੇਂ ਇਹ ਸਵਰਗਾਪੁਰੀ ਦਾ ਕੋਈ ਬਾਗ਼ ਹੋਵੇ।

ਪ੍ਰਾਹੁਣਾਚਾਰੀ ਮਗਰੋਂ ਮਹਾਰਾਜੇ ਨੇ ਜਰਨੈਲ ਨੂੰ ਆਪਣੀ ਫ਼ੌਜ ਦਿਖਾਈ। ਇਹ ਅਠ੍ਹਾਰਾਂ ਹਜ਼ਾਰ ਫ਼ੌਜੀ ਨਫਰੀ ਸੀ, ਬਾਵਰਦੀ ਅਤੇ ਸ਼ਸਤਰਧਾਰੀ। ਮਹਾਰਾਜੇ ਨੂੰ ਅੰਗਰੇਜ਼ੀ ਫ਼ੌਜ ਦੇਖ ਕੇ ਵੀ ਬੜੀ ਖ਼ੁਸ਼ੀ ਹੋਈ। ਜਰਨੈਲ ਕੋਲੋਂ ਮਹਾਰਾਜੇ ਨੂੰ ਲੜਾਈ ਦੀਆਂ ਕਈ ਕੰਮ ਆਉਣ ਵਾਲੀਆਂ ਗੱਲਾਂ ਦਾ ਪਤਾ ਲੱਗਾ।

ਤਦ ਹੈਨਰੀ ਫੇਨ ਨੂੰ ਜਵਾਹਰਾਤ ਵਗ਼ੈਰਾ ਵਿਖਾਏ ਗਏ। ਉਸ ਨੇ ਹੋਲੀ ਦਾ ਤਿਉਹਾਰ ਵੀ ਵੇਖਿਆ। ਮਹਾਰਾਜੇ ਨੇ ਆਪਣੇ ਹੱਥਾਂ ਨਾਲ ਉਸ ਦੇ ਮੂੰਹ ਉਤੇ ਗੁਲਾਲ ਅਤੇ ਕੇਸਰੀ ਰੰਗ ਮਲਿਆ।

ਇਸ ਮਗਰੋਂ ਉਹ ਵਿਦਾ ਹੋਇਆ। ਅਤਿਅੰਤ ਸੁੰਦਰ ਸ਼ਾਲਾਂ, ਤਲਵਾਰਾਂ, ਹਾਥੀ ਅਤੇ ਘੋੜੇ ਉਸ ਨੂੰ ਜਾਣ ਸਮੇਂ ਭੇਟ ਕੀਤੇ ਗਏ।

Sri Satguru Jagjit Singh Ji eLibrary NamdhariElibrary@gmail.com

# ਸਾਰਾ ਗੜ੍ਹੀ

ਤੁਸੀਂ ਜਾਣਦੇ ਹੋ ਕਿ ਸਿੱਖ ਕਿਤਨੇ ਨਿਡਰ ਅਤੇ ਬਹਾਦਰ ਸਿਪਾਹੀ ਹਨ। ਮੁਸ਼ਕਿਲ ਦੇ ਸਮੇਂ ਨਾ ਘਬਰਾਂਦੇ ਹਨ ਅਤੇ ਨਾ ਹੀ ਉਹ ਢਹਿੰਦੀ ਕਲਾ ਵਿਚ ਜਾਂਦੇ ਹਨ। ਉਹ ਰਣ-ਭੂਮੀ ਵਿਚ ਲੜਦੇ ਲੜਦੇ ਮਰ ਜਾਂਦੇ ਹਨ ਪਰ ਰਣ-ਭੂਮੀ ਵਿਚੋਂ ਨੱਸਦੇ ਨਹੀਂ।

ਉਨ੍ਹਾਂ ਦੀ ਬਹਾਦਰੀ ਦੀਆਂ ਕਈ ਕਹਾਣੀਆਂ ਦੱਸੀਆਂ ਜਾਂਦੀਆਂ ਹਨ। ਇਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਸਿੱਖ ਮਰ ਜਾਣਗੇ ਪਰ ਦੁਸ਼ਮਣ ਦੀ ਈਨ ਨਹੀਂ ਮੰਨਣਗੇ। ਕਿਹਾ ਜਾਂਦਾ ਹੈ ਕਿ ਖ਼ਾਲਸੇ ਦੀ ਆਤਮਾ ਨੂੰ ਕੋਈ ਜਿੱਤ ਨਹੀਂ ਸਕਦਾ। ਉਹ ਹਮੇਸ਼ਾਂ ਹੀ ਨਿਡਰ ਅਤੇ ਸ੍ਵੈਮਾਨੀ ਰਹਿੰਦੀ ਹੈ।

ਸਾਰਾ ਗੜ੍ਹੀ ਦੀ ਵੀ ਇੱਕ ਕਹਾਣੀ ਹੈ। ਇਸ ਤੋਂ ਪਤਾ ਲੱਗਦਾ ਕਿ ਸਿੱਖ ਕਿਸ ਮਿੱਟੀ ਦੇ ਬਣੇ ਹੋਏ ਹਨ।

ਉੱਤਰ-ਪੱਛਮੀ ਸਰਹੱਦੀ ਸੂਬੇ ਵਿਚ, ਲੋਹਕਾਰਟ ਦੇ ਕਿਲ੍ਹੇ ਤੋਂ ਡੇਢ ਮੀਲ ਦੂਰ ਸਾਰਾ ਗੜ੍ਹੀ ਹੈ। ਇਹ ਕੋਈ ਕਿਲ੍ਹਾ ਨਹੀਂ, ਕੇਵਲ ਇੱਕ ਫ਼ੌਜੀ ਚੌਕੀ ਹੈ। 12 ਸਤੰਬਰ, 1898 ਨੂੰ ਸਿੱਖਾਂ ਨੇ ਇਹਦੀ ਅਫ਼ਰੀਦਾਂ ਤੋਂ ਕਿਵੇਂ ਰੱਖਿਆ ਕੀਤੀ ? ਇਸ ਵਿਚ ਇਹ ਘਟਨਾ ਆਪ ਨੂੰ ਦੱਸੀ ਜਾਵੇਗੀ।

ਸਾਰਾ ਗੜ੍ਹੀ ਵਿਚ ਛੱਤੀਆਂ ਵਿਚੋਂ ਇੱਕੀ ਸਿਪਾਹੀ ਸਿੱਖ ਸਨ। ਉਨ੍ਹਾਂ ਕਦੀ ਜੰਗ ਨਹੀਂ ਸੀ ਕੀਤੀ। ਪਰ ਕੁਝ ਕੁ ਨੂੰ ਇਹ ਪਤਾ ਸੀ ਕਿ ਜੰਗ ਕੀ ਹੁੰਦੀ ਹੈ। ਇੱਕ ਹਜ਼ਾਰ ਸ਼ਸਤ੍ਰ-ਬੱਧ ਪਠਾਣਾਂ ਨੇ ਹਮਲਾ ਕਰ ਦਿੱਤਾ। ਇਉਂ ਇਹ ਹੁਣ ਇੱਕੀਆਂ ਦਾ ਹਜ਼ਾਰਾਂ ਨਾਲ ਮੁਕਾਬਲਾ ਸੀ।

Sri Satguru Jagjit Singh Ji eLibrary NamdhariElibrary@gmail.com

ਸ਼ਾਇਦ ਆਪ ਸੋਚਦੇ ਹੋਵੋਗੇ ਕਿ ਸਿੱਖ ਸੂਰਮੇ ਡਰ ਗਏ ਹੋਣਗੇ । ਨਹੀਂ, ਉਹ ਬਿਲਕੁਲ ਨਹੀਂ ਡਰੇ । ਪਠਾਣਾਂ ਨੇ ਵਾਰ ਵਾਰ ਹਮਲੇ ਕੀਤੇ, ਪਰ ਉਹ ਨਹੀਂ ਹਾਰੇ ।

ਇਉਂ ਛੇ ਘੰਟੇ ਲੜਾਈ ਹੁੰਦੀ ਰਹੀ । ਦੁਸ਼ਮਣਾਂ ਨੇ ਗੋਲਾਬਾਰੀ ਕੀਤੀ । ਕਈ ਸਿੱਖਾਂ ਨੂੰ ਜ਼ਖਮੀ ਕੀਤਾ ਅਤੇ ਕਈਆਂ ਨੂੰ ਮਾਰ ਦਿੱਤਾ । ਤਾਂ ਵੀ ਉਨ੍ਹਾਂ ਨੇ ਦੁਸ਼ਮਣ ਅੱਗੇ ਸ਼ਸਤਰ ਨਹੀਂ ਸੁੱਟੇ ਅਤੇ ਕਿਲ੍ਹਾ ਨਾ ਸੌਂਪਿਆ ।

ਆਖ਼ਰ ਲੋਹਕਾਰਟ ਦੇ ਕਿਲ੍ਹੇ ਵਿਚਲੇ ਸਿਪਾਹੀਆਂ ਨੂੰ, ਸਾਰਾ ਗੜ੍ਹੀ ਦੇ ਸਿੱਖਾਂ ਦੀ ਨਾਜ਼ਕ ਹਾਲਤ ਦਾ ਪਤਾ ਲੱਗਾ । ਉਨ੍ਹਾਂ ਵਿਚ ਇੱਕ ਸੌ ਸਿਪਾਹੀ ਉਨ੍ਹਾਂ ਦੀ ਸਹਾਇਤਾ ਲਈ ਤੁਰ ਪਏ । ਪਰ ਸਾਰਾ ਗੜ੍ਹੀ ਪਹੁੰਚਣ ਤੋਂ ਪਹਿਲਾਂ ਹੀ ਦੁਸ਼ਮਣ ਨੇ ਉਨ੍ਹਾਂ ਨੂੰ ਭਜਾ ਦਿੱਤਾ ।

ਇਉਂ ਸਾਰਾ ਗੜ੍ਹੀ ਦੇ ਸਿੱਖ ਆਪਣੀ ਸ੍ਵੈ-ਰੱਖਿਆ ਲਈ ਆਪ ਹੀ ਰਹਿ ਗਏ ।

ਕਾਫ਼ੀ ਦੇਰ ਤਕ ਅਫ਼ਰੀਦੀ ਕਿਲ੍ਹੇ ਦੇ ਵੱਡੇ ਦਰਵਾਜ਼ੇ ਰਾਹੀਂ ਅੰਦਰ ਦਾਖ਼ਲ ਨਾ ਹੋ ਸਕੇ । ਹੁਣ ਉਨ੍ਹਾਂ ਨੇ ਅੰਦਰ ਆਉਣ ਦਾ ਇੱਕ ਰਸਤਾ ਲਭਿਆ । ਚੋਰੀ ਚੋਰੀ ਉਨ੍ਹਾਂ ਵਿਚੋਂ ਕੁਝ ਨੇ ਕਿਲ੍ਹੇ ਦੀ ਇੱਕ ਦੀਵਾਰ ਨੂੰ ਤੋੜ ਕੇ ਅੰਦਰ ਘੁਸਣਾ ਸ਼ੁਰੂ ਕੀਤਾ । ਉਹ ਸਫ਼ਲ ਹੋ ਗਏ । ਜਦੋਂ ਸਿੱਖਾਂ ਨੇ ਉਨ੍ਹਾਂ ਨੂੰ ਕਿਲ੍ਹੇ ਦੇ ਅੰਦਰ ਵੇਖਿਆ ਤਾਂ ਉਨ੍ਹਾਂ ਨੇ ਗੋਲੀਆਂ ਨਾਲ ਕਈਆਂ ਨੂੰ ਮਾਰ ਮੁਕਾਇਆ ।

ਕਹਿੰਦੇ ਹਨ ਕਿ ਇੱਕ ਸਿੱਖ ਸਿਪਾਹੀ ਜਿਹੜਾ ਜ਼ਖ਼ਮੀ ਹੋਇਆ ਹੋਇਆ ਮੰਜੀ ਤੇ ਪਿਆ ਸੀ, ਉਸ ਨੇ ਫਿਰ ਵੀ ਪਠਾਣਾਂ ਨੂੰ ਗੋਲੀਆਂ ਮਾਰੀਆਂ । ਚਾਹੇ ਉਹ ਆਪ ਮੌਤ ਦੇ ਮੂੰਹ ਵਿਚ ਸੀ ਤਾਂ ਵੀ ਉਸ ਨੇ ਦੁਸ਼ਮਣ ਦੇ ਚਾਰ ਸਿਪਾਹੀ ਮਾਰ ਦਿੱਤੇ ਅਤੇ ਕਈ ਜ਼ਖ਼ਮੀ ਕਰ ਦਿੱਤੇ ।

ਆਖ਼ਰ ਕੇਵਲ ਇੱਕੋ ਸਿੱਖ ਰਹਿ ਗਿਆ, ਜਿਹੜਾ ਰੱਖਿਆ-ਸਥਾਨ ਦੀ ਪਹਿਰੇਦਾਰੀ ਕਰ ਰਿਹਾ ਸੀ । ਉਸ ਨੇ ਆਪਣੇ ਮਰਨ ਤੋਂ ਪਹਿਲਾਂ

Sri Satguru Jagjit Singh Ji eLibrary NamdhariElibrary@gmail.com

ਵੀਹ ਅਫ਼ਰੀਦੀਆਂ ਨੂੰ ਮਾਰਿਆ ।

ਇਉਂ ਇੱਕੀ ਸਿੱਖਾਂ ਨੇ ਦੋ ਸੌ ਦੁਸ਼ਮਣਾਂ ਨੂੰ ਮਾਰ ਮੁਕਾਇਆ ਅਤੇ ਹੋਰ ਕਈਆਂ ਨੂੰ ਜ਼ਖ਼ਮੀ ਕੀਤਾ । ਇਸ ਪ੍ਰਕਾਰ ਕਿਲ੍ਹੇ ਦੀ ਰੱਖਿਆ ਲਈ ਉਨ੍ਹਾਂ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ ।

ਕਈ ਅੰਗਰੇਜ਼ ਲਿਖਾਰੀਆਂ ਨੇ ਸਾਰਾ ਗੜ੍ਹੀ ਦੇ ਸਿੱਖ ਸਿਪਾਹੀਆਂ ਦੀ ਬੜੀ ਸ਼ਲਾਘਾ ਕੀਤੀ ਹੈ । ਉਨ੍ਹਾਂ ਨੇ ਕਿਹਾ ਹੈ ਕਿ ਇਹ ਕੇਵਲ ਸਿੱਖ ਸਿਪਾਹੀ ਹੀ ਹੈ ਜੋ ਵੈਰੀਆਂ ਦੀ ਬਹੁ-ਗਿਣਤੀ ਨਾਲ ਲੜਨ ਦੀ ਦਲੇਰੀ ਰਖਦਾ ਹੈ ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com